ਪੰਜਾਬ ਸਰਕਾਰ, ਵਿੱਤ ਵਿਭਾਗ
(ਸਥਾਨਕ ਆਡਿਟ ਵਿੰਗ)

ਪ੍ਰੀਖਕ
ਸਥਾਨਕ ਫੰਡ ਲੇਖਾ, ਪੰਜਾਬ,
ਚੰਡੀਗੜ੍ਹ।

ਵੱਲ,
ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ ______________________ ਮਿਤੀ______________

: ਲੇਖਾ ਪੜਤਾਲ ਅਤੇ ਨਿਰੀਖਣ ਰਿਪੋਰਟ ਨਗਰ ਪੰਚਾਇਤ ਰਾਜਾਸਾਂਸੀ, ਜਿਲ੍ਹਾ ਅੰਮ੍ਰਿਤਸਰ।
ਸਮਾਂ : 4/12 ਤੋਂ 3/15

ਵਿਸ਼ੇ ਅਧੀਨ ਲੇਖਾ ਪੜਤਾਲ ਅਤੇ ਨਿਰੀਖਣ ਰਿਪੋਰਟ ਦੀ ਨਕਲ ਨੱਥੀ ਹੈ ।ਇਸ ਵਿੱਚ ਦਰਸਾਏ ਹੇਠ ਲਿਖੇ ਗੰਭੀਰ ਇਤਰਾਜ ਸਰਕਾਰ ਦੇ ਧਿਆਨ ਵਿੱਚ ਲਿਆਉਣ ਯੋਗ ਹਨ। ਇਹਨਾਂ ਪੈਰਿਆਂ ਵਿੱਚ ਦਰਸਾਈਆਂ ਗੰਭੀਰ ਉਕਾਈਆਂ ਅਤੇ ਬੇਕਾਇਦਗੀਆਂ ਉਪਰ ਤੁਰੰਤ ਕਾਰਵਾਈ ਦੀ ਧਿਆਨ ਵਿੱਚ ਲਿਆਉਣ ਯੋਗ ਹਨ। ਇਹ ਵੇਖਣ ਵਿੱਚ ਆਇਆ ਹੈ ਕਿ ਪਿਛਲੀਆਂ ਆਡਿਟ ਰਿਪੋਰਟਾਂ ਵਿੱਚ ਬਕਾਇਆ ਚਲੇ ਆ ਰਹੇ ਇਤਰਾਜ ਤੇ ਢੁੱਕਵੀਂ ਕਾਰਵਾਈ ਨਹੀਂ ਕੀਤੀ ਗਈ ਅਤੇ ਇਹਨਾਂ ਵਿੱਚ ਵਾਧਾ ਹੋ ਰਿਹਾ ਹੈ। ਮਿਊਂਪਸਲ ਅਕਾਊਂਟ ਕੋਡ, 1930 ਦੇ ਰੂਲ 17, 17(6) ਅਤੇ (7) ਅਧੀਨ ਆਡਿਟ ਰਿਪੋਰਟ ਨਗਰ ਕੌਂਸਲ/ਨਿਗਮ ਸਾਹਮਣੇ ਪੇਸ਼ ਨਹੀਂ ਕੀਤੀ ਗਈ ਅਤੇ ਨਾ ਹੀ ਉਤਰਮਾਲਾ ਤਿਆਰ ਕਰਕੇ ਇਸ ਵਿਭਾਗ ਨੂੰ ਭੇਜੀ ਗਈ ਹੈ। ਜੋ ਉਕਤ ਨਿਯਮਾਂ ਦੇ ਪ੍ਰਤੀਕੂਲ ਹੈ। ਆਡਿਟ ਇਤਰਾਜਾਂ ਦੇ ਨਿਪਟਾਰੇ ਸਬੰਧੀ ਸਮੇਂ ਸਿਰ ਕਾਰਵਾਈ ਨਾ ਕਰਨ ਦੇ ਨਤੀਜੇ ਵੱਜੋਂ ਇਹਨਾਂ ਦੀ ਪਾਲਣਾ ਵਿੱਚ ਕਾਨੂੰਨੀ ਅੜਚਨਾਂ ਵੀ ਪੈਦਾ ਹੋ ਸਕਦੀਆਂ ਹਨ। ਇਸ ਲਈ ਨਗਰ ਕੌਂਸਲ ਅਧਿਕਾਰੀਆਂ ਨੂੰ ਆਡਿਟ ਇਤਰਾਜਾਂ ਦੀ ਪਾਲਣਾ ਕਰਨ ਪ੍ਰਤੀ ਵਿਸ਼ੇਸ਼ ਧਿਆਨ ਦੇਣ ਦੇ ਬਾਰੇ ਹਦਾਇਤਾਂ ਜਾਰੀ ਕਰਨਾ ਉਚਿਤ ਹੋਵੇਗਾ ਜੀ।

| ਨੰ: | ਵੇਰਵਾ | ਪੈਰਾ ਨੰ: | ਰਕਮ |
|---|---|---|---|
| | ਗਬਨ ਜਾਂ ਕੁਵਰਤੋਂ ਬਾਰੇ ਪੈਰੇ | | |
| | ਸਟਾਕ/ਸਟੋਰ ਵਿੱਚ ਪਾਈਆਂ ਤਰੁੱਟੀਆਂ | | |
| | ਘੱਟ ਵਸੂਲੀਆਂ ਬਾਰੇ ਪੈਰੇ | | |
| | ਅਨਿਯਮਤ/ਵਧੀਕ ਅਦਾਇਗੀਆਂ | | |
| | ੳ. ਅਨਿਯਮਤ ਅਦਾਇਗੀਆਂ | 3 (ੳ) (ੲ) (ਸ) (ਹ) | 27796/- |
| | ਅ. ਪ੍ਰੋਜੀਜਰਲ ਲੇਪਸ ਅਦਾਇਗੀਆਂ | (2) | |
| | ੲ. ਟਾਲਣਯੋਗ ਅਦਾਇਗੀਆਂ | | |
| | ਸ. ਵਸੂਲਣਯੋਗ ਰਕਮਾਂ ਸਬੰਧੀ ਪੈਰੇ | 4 (ੳ) (ਅ) (ੲ) | 685089/- |
| | ਹ. ਸਮਾਂ ਟੱਪ ਚੁੱਕੀਆਂ ਵਧੀਕ ਅਦਾਇਗੀਆਂ ਅਤੇ ਵਸੂਲੀਆਂ। | 5 (ੳ), 10 (ੳ) (ਅ) 12 (ੳ) | 25737/- |
| | ਫੁੱਟਕਲ ਗੰਭੀਰ ਉਕਾਈਆਂ ਦੇ ਪੈਰੇ | | |
| | ਲੇਖਿਆਂ ਤੇ ਰੱਖ ਰਖਾਵ ਦੀ ਸਥਿਤੀ | | |

ਰਿਕਾਰਡ ਜੋ ਪੇਸ਼ ਨਹੀਂ ਕੀਤਾ ਗਿਆ।

ਇਹ ਵੀ ਵੇਖਣ ਵਿੱਚ ਆਇਆ ਹੈ ਕਿ ਕਾਫੀ ਰਿਕਾਰਡ ਜਿਸ ਦਾ ਵੇਰਵਾ ਆਡਿਟ ਪੈਰਾ ਨੰਬਰ 11 ਵਿੱਚ ਦਿੱਤਾ ਗਿਆ ਹੈਂ, ਆਡਿਟ ਦੌਰਾਨ ਪੇਸ਼ ਨਹੀਂ ਕੀਤਾ ਗਿਆ। ਰਿਕਾਰਡ ਦਾ ਪੇਸ਼ ਨਹ ਹੋਣਾ ਗੰਭੀਰ ਬੇਕਾਇਦਗੀਆਂ ਦੀ ਸੰਭਾਵਨਾ ਦਾ ਸੰਕੇਤ ਦਿੰਦਾ ਹੈ। ਇਸ ਲਈ ਸਬੰਧਤ ਰਿਕਾਰਡ ਬਿਨਾਂ ਦੇਰੀ ਤੋਂ ਪੜਤਾਲ ਲਈ ਆਡਿਟ ਨੂੰ ਪੇਸ਼ ਕਰਵਾਉਣਾ ਸਬੰਧੀ ਹਦਾਇਤਾਂ ਜਾਰੀ ਕਰਨਾ ਉਚਿਤ ਹੋਵੇਗਾ ਤਾਂ ਜੋ ਪੜਤਾਲ ਉਪਰੰਤ ਬੇਨਿਯਮੀਆਂ ਸਰਕਾਰ ਦੇ ਧਿਆਨ ਵਿੱਚ ਲਿਆਂਦੀਆਂ ਜਾ ਸਕਣ ਜੀ।

~~ਸੈਕਸ਼ਨ ਅਫਸਰ~~ 5-3-3(ਅ)
ਵਾਸਤੇ ਪ੍ਰੀਖਕ, ਸਥਾਨਕ ਫੰਡ ਲੇਖਾ, ਪੰਜਾਬ,
ਚੰਡੀਗੜ੍ਹ।

ਨੰਬਰ 5(429) 41
ਮਿਤੀ 2-12-15

ਉਪਰੋਕਤ ਦਾ ਉਤਾਰਾ ਲੇਖਾ ਪੜਤਾਲ ਤੇ ਨਿਰੀਖਣ ਰਿਪੋਰਟ ਦੀ ਨਕਲ ਨਿਮਨਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ

1. ਕਾਰਜ ਸਾਧਕ ਅਫਸਰ ਨਗਰ ਪੰਚਾਇਤ ਰਾਜਾਸਾਂਸੀ, ਜਿਲ੍ਹਾ ਅੰਮ੍ਰਿਤਸਰ, ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਮਿਊਂਸਪਲ ਅਕਾਊਂਟ ਕੋਡ 1930 ਦੇ ਨਿਯਮ 17, 17(6) ਅਤੇ 7 ਅਧੀਨ, ਆਡਿਟ ਨੋਟ ਤੇ ਯੋਗ ਕਾਰਵਾਈ ਕਰਨ ਉਪਰੰਤ ਉਤਰਮਾਲਾ ਤਿੰਨ ਮਹੀਨੇ ਦੇ ਅੰਦਰ-ਅੰਦਰ ਇਸ ਦਫਤਰ ਨੂੰ ਭੇਜੀ ਜਾਵੇ।
2. ਡਿਪਟੀ ਕਮਿਸ਼ਨਰ, ਅੰਮ੍ਰਿਤਸਰ।
3. ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਅੰਮ੍ਰਿਤਸਰ।
4. ਸਹਾਇਕ ਕੰਟਰੋਲਰ/ਸੈਕਸ਼ਨ ਅਫਸਰ (ਲੋਕਲ ਆਡਿਟ), ਅੰਮ੍ਰਿਤਸਰ ਸਰਕਲ ਮਾਰਫਤ ਰਿਜਨਲ ਡਿਪਟੀ ਡਾਇਰੈਕਟਰ, ਲੋਕਲ ਆਡਿਟ ਅੰਮ੍ਰਿਤਸਰ ਰਿਜਨ।
5. ਦਫਤਰੀ ਕਾਪੀ।

~~ਸੈਕਸ਼ਨ ਅਫਸਰ~~ 5-3-3(ਅ)
ਵਾਸਤੇ ਪ੍ਰੀਖਕ, ਸਥਾਨਕ ਫੰਡ ਲੇਖਾ, ਪੰਜਾਬ,
ਚੰਡੀਗੜ੍ਹ।

## ਲੇਖਾ ਪੜਤਾਲ ਅਤੇ ਨਿਰਿਖਣ ਨੋਟ ਬਾਬਤ ਨਗਰ ਪੰਚਾਇਤ ਰਾਜਾਸਾਂਸੀ ਜਿਲਾ: ਅੰਮ੍ਰਿਤਸਰ

## ਸਮਾਂ 4/12 ਤੋਂ 3/15

### 1. ਪਿਛਲੀ ਆਡਿਟ ਰਿਪੋਰਟ:-

ਪਿਛਲੀ ਆਡਿਟ ਰਿਪੋਰਟ ਸਮਾਂ 4/05 ਤੋਂ 3/12 ਨਗਰ ਪੰਚਾਇਤ, ਰਾਜਾਸਾਂਸੀ ਦੇ ਦਫਤਰ ਵਿਖੇ ਮਿਤੀ: 21.2.14 ਨੂੰ ਪ੍ਰਾਪਤ ਹੋਈ ਸੀ ਜੋ ਕਿ ਨਗਰ ਪੰਚਾਇਤ ਦੇ ਸਾਹਮਣੇ ਪੇਸ਼ ਨਹੀਂ ਕੀਤੀ ਗਈ ਅਤੇ ਨਾ ਹੀ ਇਸ ਉਪਰ ਕੀਤੀ ਕਾਰਵਾਈ ਦੀ ਉੱਤਰਮਾਲਾ ਤਿਆਰ ਕਰਕੇ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਇਸ ਦਫਤਰ ਨੂੰ ਭੇਜੀ ਗਈ ਜੋ ਕਿ ਮਿਉਂਸਪਲ ਕੋਡ 1930 ਦੇ ਨਿਯਮ 17.17(6) ਅਤੇ (7) ਦੀ ਉਲੰਘਣਾ ਸੀ। ਇਹ ਤੱਥ ਡਾਇਰੈਕਟਰ ਸਥਾਨਕ ਸਰਕਾਰ ਦੇ ਵਿਸ਼ੇਸ਼ ਧਿਆਨ ਵਿੱਚ ਲਿਆਂਦਾ ਜਾਂਦਾ ਹੈ।

ਵਰਤਮਾਨ ਪੜਤਾਲ ਦੇ ਅੰਤ ਤੇ ਹੇਠ ਲਿਖੇ ਅਨੁਸਾਰ 144 ਆਡਿਟ ਪੈਰੇ ਬਕਾਇਆ ਖੜੇ ਸਨ, ਜਿਹਨਾਂ ਦਾ ਵੇਰਵਾ ਅਨੁਲੱਗ 'ੳ' ਵਿੱਚ ਦਿੱਤਾ ਗਿਆ ਹੈ। ਪੈਰਿਆਂ ਦੇ ਨਿਪਟਾਰੇ ਲਈ ਅੰਸ਼ਕ ਕਾਰਵਾਈ ਕੀਤੀ ਗਈ ਸੀ ਪ੍ਰੰਤੂ ਗੰਭੀਰ ਕਿਸਮ ਦੇ ਇਤਰਾਜ ਜਿਵੇਂ ਕਿ ਫੰਡਾਂ ਦੀ ਕੁਵਰਤੋਂ, ਵਿੱਤੀ ਨੁਕਸਾਨ, ਵਧੀਕ ਬੇਕਾਇਦਾ ਪ੍ਰੋਸੀਜਨਲ ਅਤੇ ਟਾਲਣ ਯੋਗ ਖਰਚੇ, ਘੱਟ ਵਸੂਲੀਆਂ ਅਤੇ ਰਿਕਾਰਡ ਨਾ ਪੇਸ਼ ਕੀਤੇ ਜਾਣਾ ਆਡਿਟ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਆਡਿਟ ਇਤਰਾਜਾਂ ਦੇ ਨਿਪਟਾਰੇ ਲਈ ਯੋਗ ਕਾਰਵਾਈ ਹੁਣ ਕੀਤੀ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| | | |
|---|---|---|
| ੳ) | 15 ਸਾਲਾ ਤੋਂ ਵੱਧ ਪੁਰਾਣੇ ਪੈਰ੍ਹੇ | 47 |
| ਅ) | 10 ਸਾਲਾ ਤੋਂ ਵੱਧ ਪੁਰਾਣੇ ਪੈਰ੍ਹੇ | 36 |
| ੲ) | 05 ਸਾਲਾ ਤੋਂ ਵੱਧ ਪੁਰਾਣੇ ਪੈਰ੍ਹੇ | 30 |
| ਸ) | ਹੋਰ | 31 |
| | ਕੁਲ | 144 |

### 2. ਵਰਤਮਾਨ ਆਡਿਟ :-

ਵਰਤਮਾਨ ਆਡਿਟ ਸਮਾਂ 4/12 ਤੋਂ 3/15 ਤੱਕ ਦੇ ਲੇਖਿਆ ਦਾ ਟੈਸਟ ਆਡਿਟ ਗੁਰਦੀਪ ਸਿੰਘ ਮਾਹਲ, ਸੈਕਸ਼ਨ ਅਫ਼ਸਰ ਵੱਲੋਂ ਮਿਤੀ: **5.6.2015, 12.6.2015, 25.6.2015, 3.7.2015, 8.7.2015, 30.7.2015** ਅਤੇ **31.7.2015** ਤੱਕ ਕੀਤਾ ਗਿਆ ਮਹੀਨਾ 8/12, 12/12, 5/13, 02/14, 4/14 ਅਤੇ 11/14 ਦੇ ਲੇਖੇ ਵਿਸਥਾਰ ਪੂਰਵਕ ਪੜਤਾਲ ਲਈ ਚੁਣੇ ਗਏ। ਪੜਤਾਲ ਦੌਰਾਨ ਪਾਈਆ ਗੰਭੀਰ ਉਕਾਈਆ ਜਿੰਨਾ ਦਾ ਸਬੰਧਤ ਪੈਰ੍ਹਿਆ ਵਿੱਚ ਵਿਸਥਾਰ ਪੂਰਵਕ ਉਲੇਖ ਹੇਠ ਲਿਖੇ ਅਨੁਸਾਰ ਹੈ।

| ਲੜੀ ਨੰ: | ਵੇਰਵਾ | ਪੈਰਾ ਨੰ: |
|---|---|---|
| 1 | ਅਨਿਯਮਤ/ਵਾਧੂ ਟਾਲਣਯੋਗ ਅਦਾਇਗੀਆਂ | 3 |
| 2 | ਵਸੂਲੀਆਂ | 4 |
| 3 | ਵਿਕਾਸ ਦੇ ਕੰਮ | 5 |
| 4 | ਵਿੱਤੀ ਸਥਿਤੀ | 8 |
| 5 | ਕਲਾਸੀਫਾਇਡ ਰਜਿਸਟਰ | 9 |
| 6 | ਨਕਸ਼ੇ | 10 |
| 7 | ਵਾਟਰ ਸਪਲਾਈ | 11 |
| 8 | ਹਾਊਸ ਟੈਕਸ | 12 |
| 9 | ਵਿਗਿਆਪਨ ਕਰ | 13 |
| 10 | ਪਿਊਰ ਫੂਡ | 14 |
| 11 | ਲਾਗ-ਬੁੱਕ | 15 |
| 12 | ਅਸਲ ਪ੍ਰਾਪਤੀ ਰਸੀਦਾਂ | 16 |
| 13 | ਰਿਕਾਰਡ ਪੇਸ਼ ਨਹੀਂ ਕੀਤਾ | 18 |
| 14 | ਫੁੱਟਕਲ | 19 |

**3) ਅਨਿਯਮਤ/ਵਾਧੂ ਟਾਲਣਯੋਗ ਅਦਾਇਗੀਆਂ :**

(ੳ) ਹੇਠ ਲਿਖੇ ਵੇਰਵੇ ਅਨੁਸਾਰ ਵੱਖ-ਵੱਖ ਕਰਮਚਾਰੀਆਂ ਨੂੰ ਰੁਪਏ 21000/- ਦੀ ਵਾਧੂ ਅਦਾਇਗੀ ਸਪੈਸ਼ਲ ਅਲਾਊਂਸ ਵੱਜੋਂ ਕੀਤੀ ਗਈ ਸੀ। ਪੰਜਾਬ ਸਰਕਾਰ ਦੇ ਪੱਤਰ ਨੰ:3/10/10-5FP2/751-57 ਮਿਤੀ 15.12.2011 ਮੁਤਾਬਕ ਇਸ ਅਦਾਇਗੀ ਨੂੰ ਸਹੀ ਨਹੀਂ ਮੰਨਿਆ ਜਾ ਸਕਦਾ। ਇਹ ਰਕਮ ਸਬੰਧਤ ਕਰਮਚਾਰੀਆਂ ਤੋਂ ਤੁਰੰਤ ਵਸੂਲਕੇ ਨਗਰ ਪੰਚਾਇਤ ਫੰਡ ਵਿੱਚ ਜਮ੍ਹਾਂ ਕਰਵਾਈ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ:

| ਲੜੀ ਨੰ: | ਕਰਮਚਾਰੀ ਦਾ ਨਾਂ | ਰਕਮ | ਮਹੀਨਾ/ਸਮ੍ਹਾਂ | ਵਾਧੂ ਅਦਾਇਗੀ |
|---|---|---|---|---|
| 1. | ਸ਼ਿਵ ਕੁਮਾਰ, ਇੰਸਪੈਕਟਰ | 480/- | 3/12 ਤੋਂ 12/12 | 480 X 10 = 4800/- |
| 2. | ਰਕੇਸ਼ ਕੁਮਾਰ, ਜੂਨੀਅਰ ਸਹਾਇਕ | 300/- | -ਉਹੀ- | 300 X 10 = 3000/- |

| | | | | |
|---|---|---|---|---|
| 3. | ਬਲਬੀਰ ਸਿੰਘ, ਜੂਨੀਅਰ ਸਹਾਇਕ | 300/- | -ਉਹੀ- | 300 X 10 = 3000/- |
| 4. | ਸ਼ਮਸ਼ੇਰ ਸਿੰਘ, ਜੂਨੀਅਰ ਸਹਾਇਕ | 300/- | -ਉਹੀ- | 300 X 10 = 3000/- |
| 5. | ਚਰਨਜੀਤ ਸਿੰਘ, ਕਲਰਕ | 240/- | -ਉਹੀ- | 240 X 10 = 2400/- |
| 6. | ਪਰਮਿੰਦਰ ਸਿੰਘ, ਕਲਰਕ | 240/- | -ਉਹੀ- | 240 X 10 = 2400/- |
| 7. | ਹਰਿੰਦਰ ਸਿੰਘ, ਕਲਰਕ | 240/- | -ਉਹੀ- | 240 X 10 = 2400/- |
| | | | ਕੁੱਲ | **21000/-** |

(ਅ) ਨਗਰ ਪੰਚਾਇਤ ਵੱਲੋਂ ਸਥਾਨਕ ਸਰਕਾਰ ਪੰਜਾਬ ਦੇ ਪੱਤਰ ਨੰ: ਏ-3/DLG (MSC)-2014/544 ਮਿਤੀ 14.11.2014 ਰਾਹੀਂ ਸੰਕਲਪ ਪੁੱਤਰ ਪ੍ਰਸ਼ੋਤਮ ਕੁਮਾਰ ਦੀ ਨਿਯੁਕਤੀ ਬਤੌਰ ਸੈਨੇਟਰੀ ਇੰਸਪੈਕਟਰ ਵੱਜੋਂ ਤਨਖਾਹ ਸਕੇਲ ਰੁਪਏ 10300-34800 + 3800 ਗਰੇਡ ਪੇ ਵਿੱਚ ਕੀਤੀ ਗਈ ਸੀ। ਸਬੰਧਤ ਕਰਮਚਾਰੀ ਨੂੰ ਮੁੱਢਲੀ ਤਨਖਾਹ 14100/- ਦੇਣ ਦੀ ਬਜਾਏ 14590/- ਫਿਕਸ ਕੀਤੀ ਗਈ ਸੀ ਪਰੰਤੂ ਸਬੰਧਤ ਕਰਮਚਾਰੀ ਨੂੰ ਸਥਾਨਕ ਸਰਕਾਰ ਪੰਜਾਬ ਵੱਲੋਂ ਜੋ ਨਿਯੁਕਤੀ ਪੱਤਰ ਜਾਰੀ ਕੀਤਾ ਗਿਆ ਸੀ, ਉਸ ਵਿੱਚ ਉਚੇਰੀ ਮੁੱਢਲੀ ਤਨਖਾਹ ਦੇਣ ਬਾਰੇ ਕੋਈ ਵੇਰਵੇ ਦਰਜ ਨਹੀਂ ਕੀਤੇ ਗਏ ਸਨ, ਇਸ ਸਬੰਧੀ ਸਥਾਨਕ ਸਰਕਾਰ ਤੋਂ ਲੋੜੀਂਦੀ ਸੋਧ ਕਰਵਾਉਣੀ ਬਣਦੀ ਹੈ। ਸਥਾਨਕ ਸਰਕਾਰ ਦੇ ਸੋਧੇ ਹੁਕਮ ਪ੍ਰਾਪਤ ਕਰਕੇ ਅਗਲੇ ਆਡਿਟ ਸਮੇਂ ਪੇਸ਼ ਕਰਨੇ ਯਕੀਨੀ ਬਣਾਏ ਜਾਣ।

(ੲ) ਨਗਰ ਪੰਚਾਇਤ ਰਾਜਾਸਾਂਸੀ ਵੱਲੋਂ ਨੈਸ਼ਨਲ ਕੋ.ਆ. ਸੋਸਾਇਟੀ ਨੂੰ ਪੰਪ ਓਪਰੇਟਰ, ਮਾਲੀ, ਚੌਂਕੀਦਾਰ ਅਤੇ ਡਰਾਈਵਰ ਆਦਿ ਸਪਲਾਈ ਕਰਨ ਵਾਸਤੇ ਸਬੰਧਤ ਕੰਪਨੀ ਦਾ ਲੋਅਸਟ ਟੈਂਡਰ ਹੋਣ ਕਰਕੇ ਠੇਕਾ ਸਮ੍ਹਾਂ 1.8.2012 ਤੋਂ 31.7.2013 ਤੱਕ ਦਾ ਦਿੱਤਾ ਗਿਆ ਸੀ। ਸਬੰਧਤ ਕੰਪਨੀ ਵੱਲੋਂ ਆਪਣੇ ਟੈਂਡਰ ਫਾਰਮ ਵਿੱਚ ਡੀ.ਸੀ ਰੇਟ + 8% ਰੇਟ ਦਿੱਤੇ ਗਏ ਸਨ ਪਰੰਤੂ ਨਗਰ ਪੰਚਾਇਤ ਵੱਲੋਂ ਸਬੰਧਤ ਕੰਪਨੀ ਨੂੰ ਅਦਾਇਗੀ ਕਰਦੇ ਸਮੇਂ ਡੀ.ਸੀ ਰੇਟ + 8% ਦੀ ਬਜਾਏ 9% ਨਾਲ ਅਦਾਇਗੀ ਕੀਤੀ ਗਈ ਸੀ। ਜਿਸ ਕਰਕੇ ਉਪਰੋਕਤ ਦਰਜ ਕੰਪਨੀ ਨੂੰ ਹੇਠ ਲਿਖੇ ਅਨੁਸਾਰ ਵੋਚਰ ਨੰ: 8 ਮਹੀਨਾ 8/12 ਰਾਹੀਂ ਵਾਧੂ ਅਦਾਇਗੀ ਕੀਤੀ ਗਈ ਸੀ। ਇਹ ਵਾਧੂ ਅਦਾਇਗੀ ਸਬੰਧਤ ਕੰਪਨੀ ਤੋਂ ਵਸੂਲ ਕੇ ਨਗਰ ਪੰਚਾਇਤ ਫੰਡ ਵਿੱਚ ਜਮ੍ਹਾਂ ਕਰਵਾਈ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ :

| ਸਮ੍ਹਾਂ | ਪੋਸਟ ਦਾ ਨਾਂ ਅਤੇ ਗਿਣਤੀ | ਅਦਾ ਕੀਤੀ ਰਕਮ | ਬਣਦੀ ਅਦਾਇਗੀ | ਵਾਧੂ ਅਦਾਇਗੀ |
|---|---|---|---|---|
| 8/12 ਤੋਂ 7/13 | ਦੋ ਪੰਪ ਓਪਰੇਟਰ | 10464X 12= 125568/- | 124416/- | 1152/- |
| -ਉਹੀ- | ਦੋ ਚੌਂਕੀਦਾਰ | 8048 X 12= 96576/- | 95700/- | 876/- |
| -ਉਹੀ- | ਦੋ ਮਾਲੀ-ਕਮ-ਚੌਂਕੀਦਾਰ | 8480 X 12= 101760/- | 100824/- | 936/- |
| -ਉਹੀ- | ਇੱਕ ਇਲੈਕਟ੍ਰੀਸ਼ੀਅਨ | 4676 X 12= 56112/- | 55596/- | 516/- |
| -ਉਹੀ- | ਇੱਕ ਡਰਾਈਵਰ | 4676 X 12= 56112/- | 55596/- | 516/- |
| | | **ਜੋੜ** | | **3996/-** |

(ਸ) ਹੇਠ ਲਿਖੇ ਵੇਰਵੇ ਅਨੁਸਾਰ ਕਰਮਚਾਰੀ ਵੱਲੋਂ ਪਾਣੀ ਦੇ ਬਿੱਲਾਂ ਦੀ ਰਕਮ ਵਸੂਲ ਕੀਤੀ ਗਈ ਸੀ ਪਰੰਤੂ ਇਹ ਰਕਮ ਨਗਰ ਪੰਚਾਇਤ ਫੰਡ ਵਿੱਚ ਜਮ੍ਹਾਂ ਨਹੀਂ ਕਰਵਾਈ ਗਈ। ਸਬੰਧਤ ਕਰਮਚਾਰੀ ਤੋਂ ਇਹ ਰਕਮ ਸਮੇਤ ਵਿਆਜ ਵਸੂਲ ਕੇ ਤੁਰੰਤ ਫੰਡ ਵਿੱਚ ਜਮ੍ਹਾਂ ਕਰਵਾਈ ਜਾਵੇ ਅਤੇ ਸਬੰਧਤ ਕਰਮਚਾਰੀ ਨੂੰ ਭਵਿੱਖ ਵਿੱਚ ਅਜਿਹੀ ਕੁਤਾਹੀ ਕਰਨ ਤੋਂ ਸੁਚੇਤ ਕੀਤਾ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ :

| ਰਸੀਦ ਨੰ: | ਮਿਤੀ | ਰਕਮ |
|---|---|---|
| 24/69 | 27.5.2012 | 200/- |
| 2/122 | 2.4.2014 | 100/- |
| | **ਜੋੜ** | **300/-** |

(ਹ) ਵਾਊਚਰ ਨੰ: 38 ਮਹੀਨਾ 8/12 ਰਾਹੀਂ ਮੈਸ: ਮਲਿਕ ਕੋ.ਆ ਸੋਸਾਇਟੀ ਨੂੰ ਰਿਪੇਅਰ ਆਫ ਡਰੇਨ ਟਾਇਪ I ਦੇ ਸਬੰਧ ਵਿੱਚ ਚੈੱਕ ਨੰ: 877652 ਮਿਤੀ 24.8.2012 ਰਾਹੀਂ ਰੁਪਏ 52784/- ਦੀ ਬਜਾਏ 55784/- ਰੁਪਏ ਦੀ ਅਦਾਇਗੀ ਕੀਤੀ ਗਈ ਸੀ। ਇਸ ਤਰ੍ਹਾਂ ਸਬੰਧਤ ਫਰਮ ਨੂੰ 3000/- ਰੁਪਏ ਦੀ ਵਾਧੂ ਅਦਾਇਗੀ ਕੀਤੀ ਗਈ ਸੀ। ਇਹ ਵਾਧੂ ਅਦਾਇਗੀ ਸਬੰਧਤ ਫਰਮ/ਕਰਮਚਾਰੀ ਤੋਂ ਵਸੂਲ ਕੇ ਨਗਰ ਪੰਚਾਇਤ ਫੰਡ ਵਿੱਚ ਜਮ੍ਹਾਂ ਕਰਵਾਈ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

(ਕ) ਆਡਿਟ ਰਿਪੋਰਟ ਸਮ੍ਹਾਂ 4/05 ਤੋਂ 3/12 ਦੇ ਪੈਰਾ ਨੰ: 3(ਅ) ਮੁਤਾਬਕ ਵੋਚਰ ਨੰ:62 ਮਿਤੀ 21.1.2010 ਰਾਹੀਂ ਦੀ.ਮਲਿਕ ਕੋ.ਆ ਸੋਸਾਇਟੀ ਨੂੰ ਰੁਪਏ 108520/- ਦੀ ਅਦਾਇਗੀ ਨਾਲੀਆਂ ਬਨਾਉਣ ਵਾਸਤੇ ਕੀਤੀ ਗਈ ਸੀ। ਜਿਸ ਵਿੱਚ 704-50 Sq. Mtr ਇੱਟਾਂ ਦੀ ਡਿਸਮੈਂਟਲਿੰਗ ਵੀ ਕੀਤੀ ਗਈ ਹੈ ਪਰ 704-50 Sq. Mtr ਵਿੱਚੋਂ ਇੱਟਾਂ ਅਤੇ ਰੋੜਿਆਂ ਦੀ ਰਿਕਵਰੀ ਨਹੀਂ ਕੀਤੀ ਗਈ। ਬਣਦੀ ਰਕਮ ਵਰਕ ਆਉਟ ਕਰਕੇ ਨਗਰ ਪੰਚਾਇਤ ਫੰਡ ਵਿੱਚ ਜਮ੍ਹਾਂ ਨਹੀਂ ਕਰਵਾਈ ਗਈ। ਇਹ ਵਸੂਲੀ ਹੁਣ ਕਰਕੇ ਨਗਰ ਪੰਚਾਇਤ ਫੰਡ ਵਿੱਚ ਜਮ੍ਹਾਂ ਕਰਵਾਈ ਜਾਵੇ ਅਤੇ ਪਾਲਣਾ ਅਗਲੇ ਆਡਿਟ ਪੜਤਾਲ ਸਮੇਂ ਵਿਖਾਈ ਜਾਵੇ।

**4) ਵਸੂਲੀਆਂ :**

(ੳ) ਹੇਠ ਲਿਖੇ ਵੇਰਵੇ ਅਨੁਸਾਰ ਵੱਖ-ਵੱਖ ਦੁਕਾਨਦਾਰਾਂ ਵੱਲ ਰੁਪਏ 187639/- ਦੁਕਾਨਾਂ ਦੇ ਕਿਰਾਏ ਵੱਜੋਂ ਬਕਾਏ ਖੜੇ ਸਨ ਪ੍ਰੰਤੂ ਪੜਤਾਲ ਸਮੇਂ ਦੇ ਅੰਤ ਤੱਕ ਇਹਨਾਂ ਬਕਾਏ ਦੀ ਵਸੂਲੀ ਨਹੀਂ ਕੀਤੀ ਗਈ ਸੀ, ਜੋ ਕਿ ਸਹੀ ਨਹੀਂ। ਸਬੰਧਤ ਕਰਮਚਾਰੀ ਨੂੰ ਹਦਾਇਤ ਕੀਤੀ ਜਾਵੇ ਕਿ ਇਹਨਾਂ ਦੀ ਵਸੂਲੀ ਵਾਸਤੇ ਵਿਸ਼ੇਸ਼ ਉਪਰਾਲੇ ਕੀਤੇ ਜਾਣ ਅਤੇ ਕੀਤੀ ਵਸੂਲੀ ਅਗਲੇ ਆਡਿਟ ਸਮੇਂ ਵਿਖਾਈ ਜਾਵੇ :

| ਲੜੀ ਨੰ: | ਦੁਕਾਨਦਾਰ ਦਾ ਨਾਂ | ਬਕਾਇਆ ਖੜੀ ਰਕਮ (ਰੁਪਏ) |
|---|---|---|
| 1. | ਹਰਭਜਨ ਸਿੰਘ ਪੁੱਤਰ ਸ਼੍ਰੀ ਨਰੈਣ ਸਿੰਘ | 17326/- |
| 2. | -ਉਹੀ- | 23696/- |
| 3. | ਬਲਦੇਵ ਸਿੰਘ ਪੁੱਤਰ ਸ਼੍ਰੀ ਤਾਰਾ ਸਿੰਘ | 5635/- |
| 4. | ਬਲਵਿੰਦਰ ਸਿੰਘ ਪੁੱਤਰ ਸ਼੍ਰੀ ਹਰਬੰਸ ਸਿੰਘ | 22326/- |
| 5. | ਸਵਿੰਦਰ ਸਿੰਘ ਪੁੱਤਰ ਸ਼੍ਰੀ ਹਰਬੰਸ ਸਿੰਘ | 3083/- |

| | | |
|---|---|---|
| 6. | ਗੁਰਸ਼ਰਨ ਸਿੰਘ ਪੁੱਤਰ ਸ੍ਰੀ ਔਲਖ ਸਿੰਘ | 12757/- |
| 7. | ਗੁਰਵਿੰਦਰ ਸਿੰਘ ਪੁੱਤਰ ਸ੍ਰੀ ਸਰਦੂਲ ਸਿੰਘ | 71846/- |
| 8. | ਖੇਮ ਰਾਜ ਪੁੱਤਰ ਸ੍ਰੀ ਭਗਵੰਤ ਪ੍ਰਸ਼ਾਦ | 22311/- |
| 9. | ਕਮਲਾ ਰਾਣੀ | 8659/- |
| | **ਜੋੜ** | **187639/-** |

ਦੁਕਾਨਾਂ ਦੇ ਕਿਰਾਏ ਦਾ ਰਜਿਸਟਰ ਸਮਰੱਥ ਅਧਿਕਾਰੀ ਤੋਂ ਤਸਦੀਕ ਨਹੀਂ ਕਰਵਾਇਆ ਗਿਆ। ਇਹ ਰਜਿਸਟਰ ਸਬੰਧਤ ਅਧਿਕਾਰੀ ਪਾਸੋਂ ਤਸਦੀਕ ਕਰਵਾਏ ਜਾਣ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

(ਅ) ਨਗਰ ਪੰਚਾਇਤ ਵੱਲੋਂ ਪੁਲਿਸ ਵਿਭਾਗ ਨੂੰ ਰਾਜਾਸਾਂਸੀ ਵਿਖੇ ਪੁਲਿਸ ਸਟੇਸ਼ਨ ਬਣਾਉਣ ਵਾਸਤੇ 196 ਮਰਲੇ ਜਗ੍ਹਾ 33 ਸਾਲਾਂ ਵਾਸਤੇ ਪਟੇ ਤੇ 50,000/- ਰੁਪਏ ਪ੍ਰਤੀ ਸਾਲਾਨਾ ਚਕੋਤੇ ਤੇ ਦਿੱਤੀ ਗਈ ਸੀ। ਐਸ.ਐਸ.ਪੀ, ਅੰਮ੍ਰਿਤਸਰ ਨਾਲ ਹੋਏ ਇਕਰਾਰਨਾਮੇ ਮੁਤਾਬਕ ਇਹ ਰਕਮ 3 ਸਾਲ ਦੀ ਪੇਸ਼ਗੀ ਵੱਜੋਂ ਦਿੱਤੀ ਜਾਵੇਗੀ ਅਤੇ ਹਰ 3 ਸਾਲ ਬਾਅਦ ਇਸ ਰਕਮ ਤੇ 15% ਵਾਧਾ ਲਿਆ ਜਾਵੇਗਾ। ਇਕਰਾਰਨਾਮੇ ਮੁਤਾਬਕ ਸਮ੍ਹਾਂ 1.4.2013 ਤੋਂ 31.3.2016 ਤੱਕ ਦੀ ਬਣਦੀ ਰਕਮ 1,72,500/- ਪੜਤਾਲ ਸਮੇਂ ਦੇ ਅੰਤ ਤੱਕ ਪੁਲਿਸ ਵਿਭਾਗ ਵੱਲੋਂ ਨਗਰ ਪੰਚਾਇਤ ਫੰਡ ਵਿੱਚ ਜਮ੍ਹਾਂ ਨਹੀਂ ਕਰਵਾਈ ਗਈ ਸੀ, ਜੋ ਕਿ ਸਹੀ ਨਹੀਂ ਹੈ। ਇਸ ਰਕਮ ਦੀ ਵਸੂਲੀ ਲਈ ਢੁੱਕਵੇਂ ਉਪਰਾਲੇ ਕੀਤੇ ਜਾਣ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

(ੲ) **ਟਾਵਰਾਂ ਦੀ ਆਮਦਨ** :- ਹੇਠ ਲਿਖੇ ਵੇਰਵੇ ਅਨੁਸਾਰ ਵੱਖ-ਵੱਖ ਕੰਪਨੀਆਂ ਦੇ ਟਾਵਰ ਨਗਰ ਪੰਚਾਇਤ ਰਾਜਾਸਾਂਸੀ ਦੀ ਹਦੂਦ ਵਿੱਚ ਲੱਗੇ ਹੋਏ ਹਨ। ਇਹਨਾਂ ਕੰਪਨੀਆਂ ਵੱਲ ਰੁਪਏ 324950/- ਬਤੌਰ ਲਾਇਸੈਂਸ ਫੀਸ ਬਕਾਏ ਵੱਜੋਂ ਖੜੇ ਸਨ ਜਿਸਦੀ ਵਸੂਲੀ ਪੜਤਾਲ ਸਮੇਂ ਦੇ ਅੰਤ ਤੱਕ ਨਹੀਂ ਕੀਤੀ ਗਈ ਸੀ। ਇਸ ਦੀ ਵਸੂਲੀ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ ਅਤੇ ਕੀਤੀ ਵਸੂਲੀ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਲੜੀ ਨੰ: | ਸਮ੍ਹਾਂ | ਰਕਮ | ਵੇਰਵਾ |
|---|---|---|---|
| 1. | 2014-15 | 9950/- | ਭਾਰਤੀ ਇੰਨਫੋਟੈਲ ਲਿਮਿਟਿਡ ਏਅਰਟੈਲ ਟਾਵਰ |
| 2. | -ਉਹੀ- | 14000/- | ਜੀ.ਟੀ. ਐਲ ਇਨਫਰਾਸਟਰੈਕਚਰ ਲਿਮਿਟਿਡ, ਐਸ.ਏ.ਐਸ. ਨਗਰ ਮੋਹਾਲੀ |
| 3. | -ਉਹੀ- | 20300/- | ਵੋਡਾਫੋਨ ਐਸ.ਆਰ ਸਾਊਥ ਲਿਮਿਟਿਡ, ਇੰਡਸਟਰੀਅਲ ਏਰੀਆ, ਮੋਹਾਲੀ |
| 4. | -ਉਹੀ- | 20300/- | ਇੰਨਡਸ ਟਾਵਰ ਲਿਮਿਟਿਡ ਡੀ.ਐਲ.ਐਫ, ਆਈ.ਟੀ.ਪਾਰਕ, ਚੰਡੀਗੜ੍ਹ |
| 5. | 2003-04 ਤੋਂ 2014-15 | 133000/- | ਬੀ.ਐਸ.ਐਨ.ਐਲ ਟੈਲੀਫੋਨ ਐਕਸਚੇਂਜ, ਰਾਜਾਸਾਂਸੀ |
| 6. | 2014-15 | 12200/- | ਰਿਲਾਇੰਸ ਇਨਫੋਕੋਮ ਲਿਮਿਟਿਡ, ਫੇਸ-VIII, ਮੋਹਾਲੀ |
| 7. | 2014-15 | 60200/- | ਟੂਲਿਪ ਟੈਲੀਕਾਮ ਲਿਮਟਿਡ, ਸੈਕਟਰ 20-ਸੀ, ਚੰਡੀਗੜ੍ਹ |
| 8. | 2011-12 ਤੋਂ 2014-15 | 55000/- | ਵਿਓਮ (VIOM) ਨੈਟਵਰਕਿੰਗ ਲਿਮਟਿਡ, ਮੋਹਾਲੀ |
| | ਜੋੜ | **324950/-** | |

**5) ਵਿਕਾਸ ਦੇ ਕੰਮ :-**

(ੳ) ਹੇਠ ਲਿਖੇ ਵੇਰਵੇ ਅਨੁਸਾਰ ਵੱਖ-ਵੱਖ ਫਰਮਾਂ ਨੂੰ ਵਿਕਾਸ ਦੇ ਕੰਮਾਂ ਦੀਆਂ ਅਦਾਇਗੀਆਂ ਕੀਤੀਆਂ ਗਈਆਂ ਸਨ। ਪਰੰਤੂ ਇਹਨਾਂ ਬਿਲਾਂ ਦੀਆਂ ਗਲਤ ਕੈਲਕੂਲੇਸ਼ਨਾਂ ਅਤੇ ਜੋੜਾਂ ਵਿੱਚ ਫਰਕ ਹੋਣ ਕਰਕੇ ਫਰਮਾਂ ਨੂੰ 15566/- ਰੁਪਏ ਦੀ ਵਾਧੂ ਅਦਾਇਗੀ ਕੀਤੀ ਗਈ ਸੀ। ਇਹ ਵਾਧੂ ਅਦਾਇਗੀ ਇਹਨਾਂ ਫਰਮਾਂ ਤੋਂ ਵਸੂਲ ਕੇ ਨਗਰ ਪੰਚਾਇਤ ਫੰਡ ਵਿੱਚ ਜਮ੍ਹਾਂ ਕਰਵਾਈ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਵੋਚਰ ਨੰ: | ਮਹੀਨਾ | ਫਰਮ ਦਾ ਨਾਂ | ਅਦਾ ਕੀਤੀ ਰਕਮ ਰੁਪਏ | ਅਸਲ ਬਣਦੀ ਰਕਮ ਰੁਪਏ | ਵੱਧ ਅਦਾਇਗੀ ਰਕਮ ਰੁਪਏ |
|---|---|---|---|---|---|
| 23 | 12/12 | ਮੈਸ: ਸੁਭਾਸ਼ ਐਂਡ ਸੰਨਜ਼ | 111842/- | 96276/- | 15566/- |

(ਅ) ਹੇਠ ਦਰਸਾਈਆਂ ਵਿਕਾਸ ਦੇ ਕੰਮਾਂ ਦੀਆਂ ਅਦਾਇਗੀਆਂ ਵਿੱਚ ਠੇਕੇਦਾਰਾਂ/ਸੋਸਾਇਟੀਆਂ ਨੂੰ ਨਗਰ ਪੰਚਾਇਤ ਵੱਲੋਂ ਕੰਮਾਂ ਦੇ ਪਾਸ ਕੀਤੇ ਗਏ ਤਖਮੀਨੇ ਅਨੁਸਾਰ ਪ੍ਰਵਾਨ ਕੀਤੀਆਂ ਗਈਆਂ ਅਦਾਇਗੀ ਦੀਆਂ ਰਕਮਾਂ ਤੋਂ ਵੱਧ ਅਦਾਇਗੀਆਂ ਕੀਤੀਆਂ ਗਈਆਂ। ਵੱਧ ਅਦਾ ਕੀਤੀਆਂ ਗਈਆਂ ਰਕਮਾਂ ਦੇ ਨਾਂ ਤਾ ਸੋਧੇ ਤਖਮੀਨੇ ਤਿਆਰ ਕਰਕੇ ਪਾਸ ਕਰਵਾਏ ਗਏ ਅਤੇ ਨਾ ਹੀ ਸਮਰੱਥ ਅਧਿਕਾਰੀ ਤੋਂ ਵੇਰੀਫਿਕੇਸ਼ਨ ਪ੍ਰਵਾਨ ਕਰਵਾਈ ਗਈ, ਜੋ ਕਿ ਠੀਕ ਨਹੀਂ ਹੈ। ਇਸ ਲਈ ਜਾਂ ਤਾ ਪ੍ਰਵਾਨਤ ਰਕਮ ਤੋਂ ਵੱਧ ਕੀਤੀਆਂ ਗਈਆਂ ਅਦਾਇਗੀਆਂ ਦੇ ਸੋਧੇ ਤਖਮੀਨੇ ਤਿਆਰ ਕਰਕੇ ਸਮਰੱਥ ਅਧਿਕਾਰੀ ਤੋਂ ਪਾਸ ਕਰਵਾ ਕੇ ਵੱਧ ਕੀਤੀਆਂ ਗਈਆਂ ਅਦਾਇਗੀਆਂ ਦੀ ਕਾਰਜ-ਬਾਅਦ ਪ੍ਰਵਾਨਗੀ ਲਈ ਜਾਵੇ ਜਾਂ ਇਹ ਰਕਮਾਂ ਸਬੰਧਤ ਠੇਕੇਦਾਰਾਂ/ਸੋਸਾਇਟੀਆਂ ਤੋਂ ਵਸੂਲ ਕੇ ਕੌਂਸਲ ਫੰਡ ਵਿੱਚ ਜਮ੍ਹਾ ਕਰਵਾਏ ਜਾਣ ਅਤੇ ਪਾਲਨਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

ਪ੍ਰਵਾਨਿਤ ਤਖਮੀਨੇ ਤੋਂ ਵੱਧ ਠੇਕੇਦਾਰਾਂ ਨੂੰ ਕੀਤੀਆਂ ਅਦਾਇਗੀਆਂ

| ਵੋਚਰ ਨੰ: | ਮਹੀਨਾ | ਫਰਮ ਦਾ ਨਾਂ | ਤਖਮੀਨੇ ਅਨੁਸਾਰ ਰਕਮ | ਅਦਾ ਕੀਤੀ ਗਈ ਰਕਮ | ਵੱਧ ਅਦਾਇਗੀ ਰਕਮ |
|---|---|---|---|---|---|
| 34 | 8/12 | ਰਾਜੂ ਕੋ:ਆ.ਸੋਸਾਇਟੀ ਲਿਮਟਿਡ | 107000/- | 126999/- | 19999/- |
| 35 | -ਉਹੀ- | ਨੈਸ਼ਨਲ ਕੋ.ਆ. ਸੋਸਾਇਟੀ ਲਿਮਿਟਿਡ | 152000 | 167561 | 15561/- |

(ੲ) ਨਗਰ ਪੰਚਾਇਤ ਵੱਲੋਂ ਵਿਕਾਸ ਦੇ ਕੰਮਾਂ ਦੀਆਂ ਹੇਠ ਦਿੱਤੇ ਵੇਰਵੇ ਅਨੁਸਾਰ ਅੰਤਿਮ ਅਦਾਇਗੀਆਂ ਕੀਤੀਆਂ ਗਈਆਂ ਪਰੰਤੂ ਇਹ ਅੰਤਿਮ ਅਦਾਇਗੀਆਂ ਕਰਦੇ ਸਮੇਂ ਨਗਰ ਪੰਚਾਇਤ ਅਧਿਕਾਰੀਆਂ ਵੱਲੋਂ ਕੰਮਾਂ ਦਾ ਨਿਰੀਖਣ ਕਰਕੇ ਫਾਰਮ ਐਮ.ਡਬਲਯੂ-12 ਵਿੱਚ ਕੰਪਲੀਸ਼ਨ ਰਿਪੋਰਟਾਂ ਵਰਕ ਬਿਲਾਂ ਨਾਲ ਪੇਸ਼ ਨਹੀਂ ਕੀਤੀਆਂ ਗਈਆਂ ਜਿਸ ਕਰਕੇ ਕੰਮਾਂ ਦੀ ਸਪੈਸੀਫਿਕੇਸ਼ਨ ਅਨੁਸਾਰ ਸੰਪੂਰਨਤਾ ਨੂੰ ਤਸਦੀਕ ਨਹੀਂ ਕੀਤਾ ਜਾ ਸਕਦਾ। ਇਹ ਰਿਪੋਰਟਾਂ ਹੁਣ ਪ੍ਰਾਪਤ ਕੀਤੀਆਂ ਜਾਣ ਅਤੇ ਵਰਕ ਬਿਲਾਂ ਨਾਲ ਲਗਾਕੇ ਅਗਲੇ ਆਡਿਟ ਸਮੇਂ ਚੈੱਕ ਕਰਵਾਈਆਂ ਜਾਣ।

| ਵੋਚਰ ਨੰ: | ਮਹੀਨਾ | ਫਰਮ ਦਾ ਨਾਂ | ਰਕਮ | ਕੰਮ ਦਾ ਨਾਂ |
|---|---|---|---|---|
| 45 | 8/12 | ਦੀ ਨਿਊ ਲਾਇਟ ਕੋ.ਆ. ਸੋਸਾਇਟੀ ਲਿਮਟਿਡ | 5,00,000/- | ਕਾਰ ਅਤੇ ਸਕੂਟਰ ਪਾਰਕਿੰਗ ਦੀ ਉਸਾਰੀ ਸਿਵਲ ਹਸਪਤਾਲ, ਰਾਜਾਸਾਂਸੀ |
| 14 | 12/12 | ਦੀ ਮਲਿਕ ਕੋ.ਆ ਸੋਸਾਇਟੀ ਲਿਮਟਿਡ | 173118/- | ਗਲੀਆਂ ਦਾ ਫਰਸ਼ - ਨੇੜੇ ਬਿੱਟੂ ਦੇ ਘਰ ਤੋਂ ਹੀਰਾ ਸਿੰਘ, ਵਾਰਡ ਨੰ:2 |
| 15 | -ਉਹੀ- | ਦੀ ਮਲਿਕ ਕੋ.ਆ ਸੋਸਾਇਟੀ ਲਿਮਟਿਡ | 225278/- | ਵੱਖ-ਵੱਖ ਗਲੀਆਂ ਵਿੱਚ ਡੀ.ਟਾਇਪ ਨਾਲੀਆਂ I ਅਤੇ II ਨਵੀਆਂ ਬਣਾਉਣ ਅਤੇ ਰਿਪੇਅਰ, ਰਾਜਾਸਾਂਸੀ |
| 17 | -ਉਹੀ- | ਦੀ ਨੈਸ਼ਨਲ ਕੋ.ਆ ਸੋਸਾਇਟੀ ਲਿਮਟਿਡ | 493526/- | ਵੱਖ-ਵੱਖ ਗਲੀਆਂ ਵਿੱਚ ਡੀ.ਟਾਇਪ ਨਾਲੀਆਂ I ਅਤੇ II ਨਵੀਆਂ ਬਣਾਉਣ ਅਤੇ ਰਿਪੇਅਰ, ਰਾਜਾਸਾਂਸੀ (ਵਾਰਡ 1 ਤੋਂ 13) |
| 23 | -ਉਹੀ- | ਮੈਸ. ਸੁਭਾਸ਼ ਐਂਡ ਸੰਨਜ਼ | 1066959/- | ਸਪਲਾਈ ਐਂਡ ਇਰੇਕਸ਼ਨ ਆਫ ਵੈਲਕਮ ਰੈਪੋ ਗੇਟ, ਅਦਲੀਵਾਲਾ ਰੋਡ, ਰਾਜਾਸਾਂਸੀ |
| 39 | -ਉਹੀ- | ਦੀ ਨੈਸ਼ਨਲ ਕੋ.ਆ ਸੋਸਾਇਟੀ ਲਿਮਟਿਡ | 314319/- | ਗਲੀਆਂ ਵਿੱਚ ਇੰਟਰਲੋਕਿੰਗ ਬਲਾਕ 60mm ਲਗਾਉਣ ਵਾਸਤੇ - ਨੇੜੇ ਬਲਵਿੰਦਰ ਸਿੰਘ ਦੇ ਘਰ ਤੋਂ ਸਰਦੂਲ ਸਿੰਘ ਦੇ ਘਰ ਤੱਕ, ਵਾਰਡ ਨੰ:8 |

| | | | | |
|---|---|---|---|---|
| 58 | -ਉਹੀ- | ਦੀ ਨੈਸ਼ਨਲ ਕੋ.ਆ ਸੋਸਾਇਟੀ ਲਿਮਟਿਡ | 286123/- | ਗਲੀਆਂ ਵਿੱਚ ਇੰਟਰਲੋਕਿੰਗ ਬਲਾਕ 60mm ਲਗਾਉਣ ਵਾਸਤੇ - ਜਰਮਨ ਸਿੰਘ ਦੇ ਘਰ ਨੇੜੇ, ਵਾਰਡ ਨੰ:4 |
| 62 | -ਉਹੀ- | ਦੀ ਰਾਜਾ ਕੋ.ਆ ਸੋਸਾਇਟੀ ਲਿਮਟਿਡ | 232299/- | ਗਲੀਆਂ ਵਿੱਚ ਇੰਟਰਲੋਕਿੰਗ ਬਲਾਕ 60mm ਲਗਾਉਣ ਵਾਸਤੇ - ਹਰਦੇਵ ਸਿੰਘ ਦੇ ਘਰ ਤੋਂ ਬਾਬਾ ਰਹਿਮਤ, ਵਾਰਡ ਨੰ:12 |
| 20 | 5/13 | ਮੈਸ. ਐਮ.ਐਸ ਇੰਟਰਪ੍ਰਾਇਜਿਜ਼ | 210721/- | ਵੱਖ-ਵੱਖ ਸੜਕਾਂ ਤੇ ਪਲਾਸਟਿਕ ਸਪੀਡਬ੍ਰੇਕਰ ਲਗਾਉਣ ਸਬੰਧੀ, ਰਾਜਾਸਾਂਸੀ |
| 21 | 5/13 | ਮੈਸ. ਐਮ.ਐਸ ਇੰਟਰਪ੍ਰਾਇਜਿਜ਼ | 452061/- | ਸੜਕਾਂ ਦੇ ਦੋਨੋ ਪਾਸੇ ਨਿਸ਼ਾਨ ਪੱਟੀ ਅਤੇ ਸੜਕਾਂ ਤੇ ਬਲਿੰਕਰ ਲਗਾਉਣ ਵਾਸਤੇ, ਅਜਨਾਲਾ ਰੋਡ ਤੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰਾਜਾਸਾਂਸੀ |
| 28 | 5/13 | ਦੀ ਨੈਸ਼ਨਲ ਕੋ.ਆ ਸੋਸਾਇਟੀ ਲਿਮਟਿਡ | 222402/- | ਨਵੀਆਂ ਨਾਲੀਆਂ ਬਣਾਉਣ ਤੇ ਰਿਪੇਅਰ, ਵਾਰਡ ਨੰ: 9 |
| 30 | 5/13 | ਦੀ ਨਿਊ ਲਾਇਟ ਕੋ.ਆ. ਸੋਸਾਇਟੀ ਲਿਮਟਿਡ | 194816/- | ਵਾਰਡ ਨੰ: 12 ਵਿੱਚ ਧਰਮਸ਼ਾਲਾ ਬਣਾਉਣ ਸਬੰਧੀ |
| 35 | 5/13 | ਦੀ ਤੂਪੱਲਾ ਕੋ.ਆ ਸੋਸਾਇਟੀ ਲਿਮਟਿਡ | 229812/- | ਬਾਜਾਰ ਭੋਲੀਵਾਲਾ ਤੋਂ ਹਵਾਈ ਅੱਡੇ ਦੀ ਕੰਧ ਨਾਲ ਖੁੱਲੇ ਨਾਲੇ ਦੀ ਰਿਪੇਅਰ ਅਤੇ ਮਿੱਟੀ ਦੀ ਭਰਤ ਸਬੰਧੀ, ਵਾਰਡ ਨੰ: 12 |
| 36 | 5/13 | ਦੀ ਤੂਪੱਲਾ ਕੋ.ਆ ਸੋਸਾਇਟੀ ਲਿਮਟਿਡ | 121630/- | ਬਾਜਾਰ ਭੋਲੀਵਾਲਾ ਤੋਂ ਹਵਾਈ ਅੱਡੇ ਦੀ ਕੰਧ ਨਾਲ ਖੁੱਲੇ ਨਾਲੇ ਦੀ ਸੱਜੇ ਪਾਸੇ ਮਿੱਟੀ ਦੀ ਭਰਤ ਸਬੰਧੀ, ਵਾਰਡ ਨੰ: 12 |

(ਸ) ਠੇਕੇਦਾਰਾਂ/ਸੋਸਾਇਟੀਆਂ ਵੱਲੋਂ ਨਗਰ ਪੰਚਾਇਤ ਕੋਲ ਕੋਈ ਇੰਨਲਿਸਟਮੈਂਟ ਫੀਸ ਜਮ੍ਹਾਂ ਨਹੀਂ ਕਰਵਾਈ ਗਈ ਅਤੇ ਆਡਿਟ ਸਮੇਂ ਦੌਰਾਨ ਇਸ ਮੱਦ ਤੋਂ ਨਗਰ ਪੰਚਾਇਤ ਨੂੰ ਕੋਈ ਆਮਦਨ ਪ੍ਰਾਪਤ ਨਹੀਂ ਹੋਈ। ਇਸ ਤਰ੍ਹਾਂ ਵਿੱਤੀ ਨੁਕਸਾਨ ਤੋਂ ਇਲਾਵਾ ਨਿਯਮਾਂ ਦੀ ਉਲੰਘਣਾ ਹੋਈ ਹੈ। ਇਹ ਮਾਮਲਾ ਕਾਰਜਸਾਧਕ ਅਫਸਰ ਦੇ ਵਿਸ਼ੇਸ਼ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਇਹ ਇੰਨਲਿਸਟਮੈਂਟ ਫੀਸ ਹੁਣ ਵਸੂਲ ਕੀਤੀ ਜਾਵੇ ਅਤੇ ਜਿਸ ਸਮੇਂ ਤੋਂ ਕੋਈ ਫਰਮ ਕੰਮ ਕਰ ਰਹੀ ਹੈ ਉਸ ਸਮੇਂ ਤੋਂ ਹੁਣ ਤੱਕ ਦੀ ਫੀਸ ਵਸੂਲ ਕੀਤੀ ਜਾਵੇ ਅਤੇ ਭਵਿੱਖ ਵਿੱਚ ਹਰ ਸਾਲ ਫੀਸ ਪ੍ਰਾਪਤ ਕਰਕੇ ਰੀਨਿਊ ਕੀਤੀ ਜਾਇਆ ਕਰੇ।

(ਹ) ਆਡਿਟ ਪੜਤਾਲ ਦੇ ਸਮੇਂ ਦੌਰਾਨ ਠੇਕੇਦਾਰ/ਸੋਸਾਇਟੀਆਂ ਤੋਂ ਜਿੰਨੇ ਉਸਾਰੀ ਦੇ ਕੰਮ ਕਰਵਾਏ ਗਏ। ਜਿੰਨਾ ਤੇ ਪਾਣੀ ਦੀ ਲਾਗਤ ਹੋਈ ਕਿਸੇ ਵੀ ਬਿੱਲ ਵਿੱਚ ਵਾਟਰ ਚਾਰਜ ਨਹੀਂ ਕੱਟੇ ਗਏ ਅਤੇ ਨਾ ਹੀ ਸਰਟੀਫਿਕੇਟ ਦਿੱਤਾ ਗਿਆ ਸੀ ਕਿ ਪਾਣੀ ਦਾ ਪ੍ਰਬੰਧ ਠੇਕੇਦਾਰ/ਸੋਸਾਇਟੀਆਂ ਨੇ ਆਪਣੇ ਤੌਰ ਤੇ ਕੀਤਾ ਗਿਆ ਸੀ। ਇਹ ਮਾਮਲਾ ਕਾਰਜਸਾਧਕ ਅਫਸਰ ਦੇ ਵਿਸ਼ੇਸ਼ ਧਿਆਨ ਵਿੱਚ ਲਿਆਂਦਾ ਜਾਂਦਾ ਹੈ। ਇਸ ਮਾਮਲੇ ਦੀ ਘੋਖ ਕੀਤੀ ਜਾਵੇ ਅਤੇ ਜਾਣਕਾਰੀ ਅਗਲੇ ਆਡਿਟ ਸਮੇਂ ਦਿੱਤੀ ਜਾਵੇ।

**6) ਗਰਾਂਟਾਂ :-** ਸਮ੍ਹਾਂ 4/12 ਤੋਂ 3/15 ਦੌਰਾਨ ਪ੍ਰਾਪਤ ਹੋਈਆਂ ਗਰਾਂਟਾਂ ਦੀ ਪੜਤਾਲ ਆਡੀਟਰ/ਸੈਕਸ਼ਨ ਅਫਸਰ ਵੱਲੋਂ ਕੀਤੀ ਗਈ ਸੀ ਅਤੇ ਪੜਤਾਲ ਰਿਪੋਰਟਾਂ ਦੀ ਇੱਕ-ਇੱਕ ਕਾਪੀ ਮੌਕੇ ਤੇ ਹੀ ਕਾਰਜ ਸਾਧਕ ਅਫਸਰ ਨੂੰ ਦਸਤੀ ਦਿੱਤੀ ਗਈ ਸੀ ਅਤੇ ਦੱਸਿਆ ਗਿਆ ਸੀ ਕਿ ਸਾਰੀਆਂ ਪੁਰਾਣੀਆਂ ਗਰਾਂਟਾਂ ਦਾ ਨਿਪਟਾਰਾ ਤੁਰੰਤ ਕੀਤਾ ਜਾਵੇ। ਅਣਵਰਤੀਆਂ ਬਕਾਇਆ ਗਰਾਂਟਾਂ ਸਬੰਧਤ ਅਦਾਰਿਆਂ ਨੂੰ ਵਾਪਸ ਕੀਤੀਆਂ ਜਾਣ। ਨਿਰਧਾਰਤ ਸਮੇਂ ਤੋਂ ਬਾਅਦ ਖਰਚ ਕੀਤੀਆਂ ਗਰਾਂਟਾਂ ਨੂੰ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਪ੍ਰਾਪਤ ਕਰਕੇ ਨਿਯਮਤ ਕਰਵਾਇਆ ਜਾਵੇ। ਜਰੂਰੀ ਕਾਰਵਾਈ ਹੁਣ ਕੀਤੀ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਦੌਰਾਨ ਵਿਖਾਈ ਜਾਵੇ।

**7) ਕਰਜੇ :-** ਪੜਤਾਲ ਸਮੇਂ ਦੌਰਾਨ ਨਗਰ ਪੰਚਾਇਤ ਵੱਲੋਂ ਕਿਸੇ ਵੀ ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾ ਵੱਲੋਂ ਕਰਜਾ ਨਹੀਂ ਲਿਆ ਗਿਆ ਸੀ।

8) ਵਿੱਤੀ ਸਥਿਤੀ :-

(ੳ) ਨਗਰ ਪੰਚਾਇਤ ਰਾਜਾਸਾਂਸੀ ਦੀ ਵਿੱਤੀ ਸਥਿਤੀ ਤੁਲਨਾਤਮਕ ਰੂਪ ਵਿੱਚ ਹੇਠ ਲਿਖੇ ਅਨੁਸਾਰ ਸੀ :

| | 2012-13 | 2013-14 | 2014-15 |
|---|---|---|---|
| ਮੁੱਢਲੀ ਬਾਕੀ | 5217247-00 | 5775041-00 | 18570479-00 |
| ਆਮਦਨ | 33953957-00 | 52958016-00 | 41068014-00 |
| ਜੋੜ | 39171204-00 | 58733057-00 | 59638493-00 |
| ਖਰਚ | 33396163-00 | 40162578-00 | 44091869-00 |
| ਅੰਤਿਮ ਬਾਕੀ | 5775041-00 | 18570479-00 | 15546624-00 |

(ਅ) ਪੰਜਾਬ ਨਿਰਮਾਨ :-

| | 2012-13 | 2013-14 | 2014-15 |
|---|---|---|---|
| ਮੁੱਢਲੀ ਬਾਕੀ | 62827-00 | 65365-00 | 68006-00 |
| ਆਮਦਨ | 2538-00 | 2641-00 | 2747-00 |
| ਜੋੜ | 65365-00 | 68006-00 | 70753-00 |
| ਖਰਚ | ਨਿੱਲ | ਨਿੱਲ | ਨਿੱਲ |
| ਅੰਤਿਮ ਬਾਕੀ | 65365-00 | 68006-00 | 70753-00 |

(ੲ) ਪੀ.ਐਮ.ਆਈ.ਡੀ.ਸੀ :

| | 2012-13 | 2013-14 | 2014-15 |
|---|---|---|---|
| ਮੁੱਢਲੀ ਬਾਕੀ | 14654475-00 | 6993539-00 | 6438375-00 |
| ਆਮਦਨ | 556661-00 | 352779-00 | 6434-00 |
| ਜੋੜ | 15211136-00 | 7346318-00 | 6444810-00 |
| ਖਰਚ | 8217597-00 | 907942-00 | 98838-00 |
| ਅੰਤਿਮ ਬਾਕੀ | 6993539-00 | 6438376-00 | 6345972-00 |

## (ੳ) ਟੀਚੇ ਤੋਂ ਘੱਟ ਪ੍ਰਾਪਤ ਆਮਦਨ ਸਾਲ 2012-13

| ਲੜੀ ਨੰ: | ਮੱਦਾ ਦਾ ਨਾਂ | ਬਜਟ ਉਪਬੰਧ (ਰੁ:) (ਲੱਖਾਂ ਵਿੱਚ) | ਪ੍ਰਾਪਤ ਆਮਦਨ (ਰੁ:) (ਲੱਖਾਂ ਵਿੱਚ) | ਟੀਚੇ ਤੋਂ ਘੱਟ ਪ੍ਰਾਪਤ ਆਮਦਨ (ਰੁ:) (ਲੱਖਾਂ ਵਿੱਚ) |
|---|---|---|---|---|
| 1. | ਹਾਊਸ ਟੈਕਸ | 12.00 | 9.47 | 2.53 |
| 2. | ਚੂੰਗੀ ਡੀਜਲ ਪੈਟਰੋਲ | 12.00 | 7.56 | 4.44 |
| 3. | ਰੈਂਟ/ਤਹਿਬਜਾਰੀ | 1.50 | 0.45 | 1.05 |
| 4. | ਐਕਸਾਈਜ ਡਿਊਟੀ | 25.00 | 4.98 | 20.02 |
| | ਜੋੜ | | | 28.04 |

## (ਅ) ਟੀਚੇ ਤੋਂ ਵੱਧ ਕੀਤਾ ਖਰਚ ਸਾਲ 2012-13

| ਲੜੀ ਨੰ: | ਮੱਦਾ ਦਾ ਨਾਂ | ਬਜਟ ਉਪਬੰਧ (ਰੁ:) (ਲੱਖਾਂ ਵਿੱਚ) | ਕੀਤਾ ਗਿਆ ਖਰਚ (ਰੁ:) (ਲੱਖਾਂ ਵਿੱਚ) | ਟੀਚੇ ਤੋਂ ਵੱਧ ਕੀਤਾ ਖਰਚ (ਰੁ:) (ਲੱਖਾਂ ਵਿੱਚ) |
|---|---|---|---|---|
| 1 | ਅਮਲਾ | 60.00 | 70.00 | 10.00 |
| 2 | ਪੈਟਰੋਲ ਅਤੇ ਡੀਜਲ | 3.00 | 3.50 | 0.50 |
| 3 | ਨਵੀਆਂ ਗਲੀਆਂ ਅਤੇ ਨਾਲੀਆਂ | 55.00 | 109.00 | 54.00 |
| 4 | ਸਲੱਮ | 19.00 | 39.42 | 20.42 |
| 5 | ਸਟਰੀਟ ਲਾਈਟ ਬਿੱਲ | 10.00 | 13.46 | 3.46 |
| | ਜੋੜ | | | 88.38 |

(ੳ) ਟੀਚੇ ਤੋਂ ਘੱਟ ਪ੍ਰਾਪਤ ਆਮਦਨ ਸਾਲ 2013-14

| ਲੜੀ ਨੰ: | ਮੱਦਾ ਦਾ ਨਾਂ | ਬਜਟ ਉਪਬੰਧ (ਰੁ:) (ਲੱਖਾਂ ਵਿੱਚ) | ਪ੍ਰਾਪਤ ਆਮਦਨ (ਰੁ:) (ਲੱਖਾਂ ਵਿੱਚ) | ਟੀਚੇ ਤੋਂ ਘੱਟ ਪ੍ਰਾਪਤ ਆਮਦਨ (ਰੁ:) (ਲੱਖਾਂ ਵਿੱਚ) |
|---|---|---|---|---|
| 1. | ਚੂੰਗੀ ਡੀਜਲ ਪੈਟਰੋਲ/ਬਿਜਲੀ | 6.00 | 1.50 | 4.50 |
| 2. | ਐਕਸਾਈਜ ਡਿਊਟੀ | 25.00 | 12.33 | 12.67 |
| 3 | ਵੈਟ | 235.00 | 229.00 | 6.00 |
| 4 | ਐਡਵਰਟਾਇਜਮੈਂਟ | 0.20 | 0.16 | 0.04 |
| | **ਜੋੜ** | | | **23.21** |

(ਅ) ਟੀਚੇ ਤੋਂ ਵੱਧ ਕੀਤਾ ਖਰਚ ਸਾਲ 2013-14

| ਲੜੀ ਨੰ: | ਮੱਦਾ ਦਾ ਨਾਂ | ਬਜਟ ਉਪਬੰਧ (ਰੁ:) (ਲੱਖਾਂ ਵਿੱਚ) | ਕੀਤਾ ਗਿਆ ਖਰਚ (ਰੁ:) (ਲੱਖਾਂ ਵਿੱਚ) | ਟੀਚੇ ਤੋਂ ਵੱਧ ਕੀਤਾ ਖਰਚ (ਰੁ:) (ਲੱਖਾਂ ਵਿੱਚ) |
|---|---|---|---|---|
| 1 | ਪੈਟਰੋਲ ਅਤੇ ਡੀਜਲ | 3.50 | 4.90 | 1.40 |
| 2 | ਗਲੀਆਂ ਅਤੇ ਨਾਲੀਆਂ ਦੀ ਰਿਪੇਅਰ | 9.00 | 17.96 | 8.96 |
| 3 | ਸਲੱਮ | 23.00 | 64.92 | 41.92 |
| 4 | ਸਟਰੀਟ ਲਾਈਟ ਦੀ ਦੇਖਭਾਲ | 7.00 | 28.97 | 21.97 |
| 5 | ਦਫਤਰ ਬਿਲਡਿੰਗ | -- | 5.48 | 5.48 |
| 6 | ਸੋਲਿਡ ਵੇਸਟ ਮੈਨੇਜਮੈਂਟ | 4.00 | 7.00 | 3.00 |
| | **ਜੋੜ** | | | **82.73** |

(ੳ) **ਟੀਚੇ ਤੋਂ ਘੱਟ ਪ੍ਰਾਪਤ ਆਮਦਨ ਸਾਲ 2014-15**

| ਲੜੀ ਨੰ: | ਮੱਦਾ ਦਾ ਨਾਂ | ਬਜਟ ਉਪਬੰਧ (ਰੁ:) (ਲੱਖਾਂ ਵਿੱਚ) | ਪ੍ਰਾਪਤ ਆਮਦਨ (ਰੁ:) (ਲੱਖਾਂ ਵਿੱਚ) | ਟੀਚੇ ਤੋਂ ਘੱਟ ਪ੍ਰਾਪਤ ਆਮਦਨ (ਰੁ:) (ਲੱਖਾਂ ਵਿੱਚ) |
|---|---|---|---|---|
| 1 | ਹਾਊਸ ਟੈਕਸ, ਪ੍ਰਾਪਰਟੀ ਟੈਕਸ | 14.00 | 12.22 | 1.78 |
| 2 | ਵਾਟਰ ਅਤੇ ਸੀਵਰੇਜ | 1.80 | 0.60 | 1.20 |
| 3 | ਰੈਂਟ/ਤਹਿਬਜਾਰੀ | 6.00 | 1.62 | 4.38 |
| 4 | ਬਿਜਲੀ ਕਰ | 12.00 | 1.20 | 10.80 |
| 5 | ਵੈਟ/ਚੁੰਗੀ ਪੈਟਰੋਲ/ਡੀਜਲ | 260.00 | 26.61 | 233.39 |
| 6 | ਐਡਵਰਟਾਇਜਮੈਂਟ | 0.20 | - | 0.20 |
| | **ਜੋੜ** | | | 251.75 |

(ਅ) **ਟੀਚੇ ਤੋਂ ਵੱਧ ਕੀਤਾ ਖਰਚ ਸਾਲ 2014-15**

| ਲੜੀ ਨੰ: | ਮੱਦਾ ਦਾ ਨਾਂ | ਬਜਟ ਉਪਬੰਧ (ਰੁ:) (ਲੱਖਾਂ ਵਿੱਚ) | ਕੀਤਾ ਗਿਆ ਖਰਚ (ਰੁ:) (ਲੱਖਾਂ ਵਿੱਚ) | ਟੀਚੇ ਤੋਂ ਵੱਧ ਕੀਤਾ ਖਰਚ (ਰੁ:) (ਲੱਖਾਂ ਵਿੱਚ) |
|---|---|---|---|---|
| 1 | ਪੁਰਾਣੀਆਂ ਗਲੀਆਂ ਅਤੇ ਨਾਲੀਆਂ ਦੀ ਰਿਪੇਅਰ | 10.00 | 13.10 | 3.10 |
| 2 | ਸਲੱਮ | 28.00 | 33.84 | 5.84 |
| 3 | ਸੋਲਿਡ ਵੇਸਟ ਮੈਨਜ਼ਮੈਂਟ | 5.00 | 10.09 | 5.09 |
| 4 | ਡਾਇਰੈਕਟੋਰੇਟ ਚਾਰਜੀਜ | - | 0.61 | 0.61 |
| 5 | ਮਿਊਂਸਪਲ ਚੋਣ ਦਫਤਰ | - | 0.35 | 0.35 |
| | **ਜੋੜ** | | | **14.99** |

**10) ਨਕਸ਼ਿਆਂ ਸਬੰਧੀ**

(ੳ) ਨਗਰ ਪੰਚਾਇਤ, ਵੱਲੋਂ ਅਮਰਜੀਤ ਪੁੱਤਰ ਸ. ਮੁਖਤਾਰ ਸਿੰਘ, ਵਾਰਡ ਨੰ: 6 ਦੇ ਬਿਲਡਿੰਗ ਦੇ ਨਕਸ਼ੇ ਦੀ ਫਾਇਲ ਨੰ: 28 ਮਿਤੀ 29.8.2012 ਨੂੰ ਪਾਸ ਕਰਦੇ ਸਮੇਂ ਬਾਊਂਡਰੀ ਵਾਲ ਦੀ

ਬਣਦੀ ਰਕਮ ਰੁਪਏ 231/- ਦੀ ਬਜਾਏ ਰੁਪਏ 100/- ਵਸੂਲ ਕੀਤੇ ਗਏ ਸਨ। ਇਸ ਤਰ੍ਹਾਂ ਪ੍ਰਾਪਰਟੀ ਹੋਲਡਰ ਤੋਂ 131/- ਰੁਪਏ ਦੀ ਘੱਟ ਵਸੂਲੀ ਕੀਤੀ ਗਈ ਸੀ। ਇਹ ਵਸੂਲੀ ਕਰਕੇ ਪੰਚਾਇਤ ਫੰਡ ਵਿੱਚ ਜਮ੍ਹਾਂ ਕਰਵਾਈ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

(ਅ) ਆਡਿਟ ਰਿਪੋਰਟ ਸਮ੍ਹਾਂ 4/2005 ਤੋਂ 3/2012 ਦੇ ਪੈਰਾ ਨੰ: 12(ੲ) ਮੁਤਾਬਕ ਨਗਰ ਪੰਚਾਇਤ ਵੱਲੋਂ ਹੇਠ ਦਰਜ ਵੇਰਵੇ ਅਨੁਸਾਰ ਬਿਲਡਿੰਗ ਦੇ ਨਕਸ਼ੇ ਪਾਸ ਕੀਤੇ ਗਏ ਸਨ ਜਿਨ੍ਹਾਂ ਵਿੱਚ ਡਿਵਲੈਪਮੈਂਟ ਚਾਰਜ ਦੀ 6048/- ਰੁਪਏ ਦੀ ਘੱਟ ਵਸੂਲੀ ਕੀਤੀ ਗਈ ਸੀ। ਇਹ ਰਕਮ ਹੁਣ ਤੱਕ ਨਹੀਂ ਵਸੂਲੀ ਗਈ। ਇਸ ਦੀ ਵਸੂਲੀ ਸਬੰਧਤ ਬਿਲਡਿੰਗ ਦੇ ਮਾਲਕ ਪਾਸੋਂ ਜਾਂ ਕਸੂਰਵਾਰ ਕਰਮਚਾਰੀ ਕੋਲੋਂ ਪ੍ਰਾਪਤ ਕਰਕੇ ਨਗਰ ਪੰਚਾਇਤ ਦੇ ਫੰਡ ਵਿੱਚ ਜਮ੍ਹਾਂ ਕਰਵਾਈ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਲੜੀ ਨੰ: | ਮਾਲਕ ਦਾ ਨਾਂ | ਮਿਤੀ | ਰਸੀਦ ਨੰ: | ਕੁੱਲ ਬਣਦੀ ਰਕਮ (ਰੁਪਏ) | ਕੁੱਲ ਵਸੂਲੀ ਰਕਮ (ਰੁਪਏ) | ਘੱਟ ਵਸੂਲੀ (ਰੁਪਏ) |
|---|---|---|---|---|---|---|
| 1 | ਜਸਬੀਰ ਮਸੀਹ | 15/31.7.2009 | 72/32 | 39793/- | 33745/- | 6048/- |
| | | | **ਜੋੜ** | | | **6048/-** |

(ੲ) ਹੇਠ ਲਿਖੇ ਵੇਰਵੇ ਅਨੁਸਾਰ ਵੱਖ-ਵੱਖ ਪ੍ਰਾਪਰਟੀ ਹੋਲਡਰ ਦੀਆਂ ਬਿਲਡਿੰਗਾਂ ਦੇ ਨਕਸ਼ੇ ਸਬੰਧਤ ਰਜਿਸਟਰ ਵਿੱਚ ਪਾਸ ਕੀਤੇ ਦਰਸਾਏ ਗਏ ਸਨ ਪ੍ਰੰਤੂ ਇਹਨਾਂ ਨਾਲ ਸਬੰਧਤ ਫਾਇਲਾਂ ਪੜਤਾਲ ਸਮੇਂ ਪੇਸ਼ ਨਹੀਂ ਕੀਤੀਆਂ ਜਿਸ ਕਰਕੇ ਇਹਨਾਂ ਪ੍ਰਾਪਰਟੀ ਹੋਲਡਰਾਂ ਤੋਂ ਨਕਸ਼ਾ ਫੀਸ, ਮਲਬਾ ਫੀਸ, ਫਾਰਮ ਫੀਸ ਆਦਿ ਵੱਜੋਂ ਪ੍ਰਾਪਤ ਰਕਮ ਦੀ ਪੜਤਾਲ ਨਹੀਂ ਹੋ ਸਕੀ। ਇਹਨਾਂ ਫਾਇਲਾਂ ਦੀ ਭਾਲ ਕੀਤੀ ਜਾਵੇ ਅਤੇ ਅਗਲੇ ਆਡਿਟ ਸਮੇਂ ਸਬੰਧਤ ਫਾਇਲਾਂ ਪੇਸ਼ ਕਰਨੀਆਂ ਯਕੀਨੀ ਬਣਾਈਆਂ ਜਾਣ।

| ਫਾਇਲ ਨੰ:/ਰਜਿਸਟਰ ਲੜੀ ਨੰ: | |
|---|---|
| 26<br>8/12 | ਓਂਕਾਰ ਸਿੰਘ ਪੁੱਤਰ ਸ਼੍ਰੀ ਅਜੀਤ ਸਿੰਘ, ਵਾਰਡ ਨੰ: 3 |
| 59 | ਗੁਰਦੇਵ ਸਿੰਘ ਪੁੱਤਰ ਸ਼੍ਰੀ ਮਹਿੰਦਰ ਸਿੰਘ |

| | |
|---|---|
| 2/14 | |
| 3<br>4/14 | ਸਤਵਿੰਦਰ ਕੌਰ ਪਤਨੀ ਸ੍ਰੀ ਗੁਰਨਾਮ ਸਿੰਘ, ਵਾਰਡ ਨੰ:3, ਪਿਛਲੇ ਪਾਸੇ ਐਚ.ਡੀ.ਐਫ.ਸੀ ਬੈਂਕ |
| 1<br>4/14 | ਜਸਵਿੰਦਰ ਸਿੰਘ ਪੁੱਤਰ ਸ੍ਰੀ ਅਵਤਾਰ ਸਿੰਘ, ਵਾਰਡ ਨੰ:5 |
| 2<br>4/14 | ਸ਼ਿਵਦਿਆਲ ਸਿੰਘ ਪੁੱਤਰ ਸ੍ਰੀ ਕਰਤਾਰ ਸਿੰਘ, ਵਾਰਡ ਨੰ:4 |
| 21<br>11/14 | ਬਲਜੀਤ ਕੌਰ ਪਤਨੀ ਸ੍ਰੀ ਸਤਪਾਲ ਸਿੰਘ, ਅਨਮੋਲ ਕਲੋਨੀ, ਰਾਜਾਸਾਂਸੀ ਵਾਰਡ ਨੰ:3 |

**11) ਵਾਟਰ ਸਪਲਾਈ**

ਨਗਰ ਪੰਚਾਇਤ ਵੱਲੋਂ ਵਾਟਰ ਸਪਲਾਈ ਦਾ ਮੰਗ ਅਤੇ ਵਸੂਲੀ ਰਜਿਸਟਰ W-2 ਸਹੀ ਢੰਗ ਨਾਲ ਤਿਆਰ ਨਹੀਂ ਕੀਤਾ ਗਿਆ ਅਤੇ ਨਾ ਹੀ ਸਾਲ ਦੇ ਅੰਤ ਤੇ ਬਕਾਇਆਂ ਦੇ ਜੋੜ ਸਹੀ ਢੰਗ ਨਾਲ ਨਹੀਂ ਲਗਾਏ ਗਏ ਸਨ। ਨਗਰ ਪੰਚਾਇਤ ਮੁਤਾਬਕ ਮਿਤੀ 5.9.2014 ਤੋਂ ਵਾਟਰ ਸਪਲਾਈ ਦੀ ਉਗਰਾਹੀ ਦਾ ਕੰਮ ਸਰਕਾਰ ਦੇ ਹੁਕਮਾਂ ਮੁਤਾਬਕ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਸਰਕਲ, ਅੰਮ੍ਰਿਤਸਰ ਨੂੰ ਸੌਂਪ ਦਿੱਤਾ ਗਿਆ ਸੀ। ਸਬੰਧਤ ਕਰਮਚਾਰੀ ਨੂੰ ਹਦਾਇਤ ਕੀਤੀ ਜਾਵੇ ਕਿ ਇਸ ਰਿਕਾਰਡ ਨੂੰ ਸਹੀ ਤਰੀਕੇ ਨਾਲ ਤਿਆਰ ਕੀਤਾ ਜਾਵੇ ਅਤੇ ਇਸ ਦੀ ਪਾਲਨਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

**12) ਹਾਊਸ ਟੈਕਸ :** (ੳ) ਹੇਠ ਲਿਖੇ ਵੇਰਵੇ ਅਨੁਸਾਰ 3992/- ਰੁਪਏ ਮਕਾਨ/ਦੁਕਾਨ ਮਾਲਕਾਂ ਨੂੰ 15 ਦਿਨਾਂ ਤੋਂ ਬਾਅਦ ਬਿਲ ਜਮ੍ਹਾ ਕਰਾਉਣ ਤੇ ਇਥੋਂ ਤੱਕ ਕਿ ਕਈ ਕਈ ਮਹੀਨੇ ਬਾਅਦ ਬਿਲ ਜਮਾ ਕਰਾਉਣ ਤੇ ਵੀ 10% ਰੀਬੇਟ ਦਿੱਤੀ ਗਈ ਹੈ ਜੋ ਕਿ ਸਰਕਾਰੀ ਹਦਾਇਤਾਂ ਦੇ ਵਿਰੁੱਧ ਸੀ। ਅਜਿਹਾ ਕਰਕੇ ਕਰਮਚਾਰੀਆਂ ਨੇ ਨਗਰ ਪੰਚਾਇਤ ਨੂੰ ਵਿੱਤੀ ਨੁਕਸਾਨ ਪਹੁੰਚਾਇਆ ਹੈ। ਹੁਣ ਇਹ ਰਕਮ ਸਬੰਧਤ ਮਾਲਕਾਂ ਤੋਂ ਅਗਲੇ ਬਿਲਾਂ ਵਿੱਚ ਵਸੂਲ ਕੀਤੀ ਜਾਵੇ ਜਾਂ ਕਸੂਰਵਾਰ ਕਰਮਚਾਰੀਆਂ ਤੋਂ ਵਸੂਲ ਕਰਕੇ ਫੰਡ ਵਿੱਚ ਜਮਾਂ ਕਰਵਾਈ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਰਜਿਸਟਰ ਦਾ ਲੜੀ ਨੰ: | ਨਾਂ | ਵਸੂਲੀ ਯੋਗ ਰਕਮ | ਵਸੂਲੀ ਗਈ ਰਕਮ | ਰੀਬੇਟ 10% | ਬਿੱਲ ਜਾਰੀ ਕਰਨ ਦਾ ਮਹੀਨਾ | ਰਕਮ ਜਮ੍ਹਾਂ ਕਰਵਾਉਣ ਦਾ ਮਹੀਨਾ |
|---|---|---|---|---|---|---|
| 1 | ਨਿਰਮਲਾ ਸ਼ਰਮਾ | 1440/- | 1296/- | 144/- | 4/12 | 9/12 |
| 15 | ਪਰਮਜੀਤ ਸਿੰਘ | 16404/- | 14764/- | 1640/- | -ਉਹੀ- | 10/12 |
| 21 | ਬਲਵੰਤ ਸਿੰਘ | 10868/- | 10248/- | 613/- | -ਉਹੀ- | 9/12 |
| 27 | ਗੁਰਜੀਤ ਸਿੰਘ | 4590/- | 459/- | 459/- | -ਉਹੀ- | 7/12 |
| 57 | ਓਮ ਪ੍ਰਕਾਸ਼ | 3950/- | 3555/- | 395/- | -ਉਹੀ- | 11/12 |
| 106 | ਪ੍ਰੀਤਮ ਸਿੰਘ | 2880/- | 2592/- | 288/- | -ਉਹੀ- | 12/12 |
| 229 | ਅਜੀਤ ਸਿੰਘ | 4536/- | 4083/- | 453/- | -ਉਹੀ- | 3/13 |
| | ਕੁੱਲ | | | **3992/-** | | |

(ਅ) **ਹਾਊਸ ਟੈਕਸ ਦੇ ਬਕਾਇਆ ਦੀ ਸਥਿਤੀ :-** ਨਗਰ ਪੰਚਾਇਤ ਦੇ ਹਾਊਸ ਟੈਕਸ ਦੇ ਬਕਾਇਆ ਦੀ ਸਥਿਤੀ ਹੇਠ ਲਿਖੇ ਅਨੁਸਾਰ ਸੀ। ਸਾਲ 2012-13 ਦੇ ਅੰਤ ਵਿੱਚ ਇਹ ਵਸੂਲਣ ਯੋਗ ਰਕਮ ਰੁਪਏ 2307764/- ਬਕਾਇਆ ਖੜੀ ਸੀ। ਇਹ ਇੱਕ ਬਹੁਤ ਵੱਡੀ ਰਕਮ ਹੈ, ਜਿਸ ਦੀ ਵਸੂਲੀ ਬਾਰੇ ਨਗਰ ਪੰਚਾਇਤ ਵੱਲੋਂ ਧਿਆਨ ਨਹੀਂ ਦਿੱਤਾ ਗਿਆ। ਇਹ ਗੰਭੀਰ ਮਾਮਲਾ ਹੈ। ਇਸ ਲਈ ਇਹ ਤੱਥ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਵਿਸ਼ੇਸ਼ ਧਿਆਨ ਵਿੱਚ ਲਿਆਂਦੇ ਜਾਂਦੇ ਹਨ ਤਾਂ ਜੋ ਇਸ ਦੀ ਵਸੂਲੀ ਸਬੰਧੀ ਯੋਗ ਉਪਰਾਲੇ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਜਾਣ ਅਤੇ ਕੀਤੀ ਗਈ ਕਾਰਵਾਈ ਤੋਂ ਆਡਿਟ ਅਗਲੇ ਆਡਿਟ ਸਮੇਂ ਜਾਣੂ ਕਰਵਾਇਆ ਜਾਵੇ।

| | 2012-13 |
|---|---|
| ਮੁਢਲੀ ਬਾਕੀ | 1922013/- |
| ਮੰਗ | 1410701/- |
| ਜੋੜ | 3332714/- |
| ਵਸੂਲੀ | 1024950/- |
| ਬਕਾਇਆ | 2307764/- |

ਪੜਤਾਲ ਸਮੇਂ ਦੇ ਅੰਤ ਤੱਕ ਹਾਊਸ ਟੈਕਸ ਰੁਪਏ 2307764/- ਦੇ ਬਕਾਏ ਵੱਜੋਂ ਖੜੇ ਸਨ। ਭਾਵੇਂ ਕਿ ਸਰਕਾਰ ਵੱਲੋਂ ਸਾਲ 2013-14 ਤੋਂ ਪ੍ਰਾਪਰਟੀ ਟੈਕਸ ਲਾਗੂ ਕਰ ਦਿੱਤਾ ਸੀ ਪਰੰਤੂ ਖਾਤਾ ਧਾਰਕਾਂ ਵੱਲ ਖੜੇ ਬਕਾਏ ਦੀ ਵਸੂਲੀ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ ਗਿਆ। ਸਬੰਧਤ ਕਰਮਚਾਰੀਆਂ ਨੂੰ ਹਦਾਇਤ ਜਾਰੀ ਕੀਤੀਆਂ ਜਾਣ ਅਤੇ ਵਸੂਲੀ ਵਾਸਤੇ ਯੋਗ ਉਪਰਾਲੇ ਕੀਤੇ ਜਾਣ ਅਤੇ ਕੀਤੀ ਵਸੂਲੀ ਨਗਰ ਪੰਚਾਇਤ ਫੰਡ ਵਿੱਚ ਜਮ੍ਹਾਂ ਕਰਵਾਈ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

(ੲ) ਸਾਲ 2013-14 ਤੋਂ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਸੈਲਫ ਅਸੈਸਮੈਂਟ ਪ੍ਰਾਪਰਟੀ ਟੈਕਸ ਲਾਗੂ ਕੀਤਾ ਗਿਆ ਸੀ। ਜਿਸ ਤੋਂ ਪ੍ਰਾਪਤ ਹੋਈ ਆਮਦਨ ਪੰਚਾਇਤ ਸੰਮਤੀ ਦੇ ਮੁੱਖ ਖਾਤੇ ਵਿੱਚ ਜਮ੍ਹਾਂ ਕਰਵਾਈ ਗਈ ਸੀ ਪਰੰਤੂ ਇਸ ਨਾਲ ਸਬੰਧਤ ਰਜਿਸਟਰ ਵੱਖਰੇ ਤੌਰ 'ਤੇ ਤਿਆਰ ਨਹੀਂ ਕੀਤਾ ਗਿਆ ਹੈ ਜੋ ਕਿ ਸਹੀ ਨਹੀਂ ਹੈ। ਸਬੰਧਤ ਕਰਮਚਾਰੀ ਨੂੰ ਹਦਾਇਤ ਕੀਤੀ ਜਾਵੇ ਕਿ ਇਹ ਰਜਿਸਟਰ ਹੁਣ ਤਿਆਰ ਕੀਤੇ ਜਾਣ ਅਤੇ ਅਗਲੀ ਪੜਤਾਲ ਸਮੇਂ ਪੇਸ਼ ਕਰਨੇ ਯਕੀਨੀ ਬਣਾਏ ਜਾਣ।

**13) ਵਿਗਿਆਪਨ ਕਰ** :- ਪੜਤਾਲ ਸਮ੍ਹਾਂ 4/12 ਤੋਂ 3/15 ਦੌਰਾਨ ਨਗਰ ਪੰਚਾਇਤ ਵੱਲੋਂ ਵਿਗਿਆਪਨ ਟੈਕਸ ਦੀ ਵਸੂਲੀ ਨਹੀਂ ਕੀਤੀ ਗਈ ਸੀ, ਜਿਸ ਕਾਰਨ ਨਗਰ ਪੰਚਾਇਤ ਨੂੰ ਵਿੱਤੀ ਨੁਕਸਾਨ ਹੋਇਆ ਹੈ ਇਸ ਲਈ ਇਸ ਸਬੰਧੀ ਕਸੂਰਵਾਰ ਕਰਮਚਾਰੀ/ਅਧਿਕਾਰੀ ਦੀ ਜ਼ਿੰਮੇਵਾਰੀ ਨਿਸ਼ਚਿਤ ਕਰਦੇ ਹੋਏ ਨੁਕਸਾਨ ਦੀ ਪੂਰਤੀ ਕੀਤੀ ਜਾਵੇ ਅਤੇ ਭਵਿੱਖ ਵਿੱਚ ਵਿਗਿਆਪਨ ਕਰਨ ਦੀ ਵਸੂਲੀ ਨਿਯਮਾਂ ਅਨੁਸਾਰ ਕੀਤੀ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਦੌਰਾਨ ਵਿਖਾਈ ਜਾਵੇ।

**14) ਪਿਊਰ ਫੂਡ ਲਾਇਸੈਂਸ** :-ਪੜਤਾਲ ਸਮ੍ਹਾਂ 4/12 ਤੋਂ 3/15 ਦੌਰਾਨ ਨਗਰ ਪੰਚਾਇਤ ਵੱਲੋਂ ਦੁਕਾਨਦਾਰਾਂ ਨੂੰ ਧਾਰਾ 197 ਅਤੇ 121 ਤਹਿਤ ਲਾਇਸੈਂਸ ਜਾਰੀ ਕੀਤੇ ਗਏ ਸਨ ਪ੍ਰੰਤੂ ਇਹਨਾਂ ਲਾਇਸੈਂਸਾਂ ਦੀਆਂ ਐਪਲੀਕੇਸ਼ਨਾਂ ਪੜਤਾਲ ਹਿੱਤ ਪੇਸ਼ ਨਹੀਂ ਕੀਤੀਆਂ ਗਈਆਂ ਸਨ। ਇਸ ਤੋਂ ਇਲਾਵਾ ਮਿਊਂਸਪਲ ਅਕਾਊਂਟ ਕੋਡ 1930 ਦੇ ਨਿਯਮ 9.2(4) ਅਨੁਸਾਰ ਵੱਖ-ਵੱਖ ਲਾਈਸੈਂਸਾਂ ਦਾ ਵੱਖ-ਵੱਖ ਰਿਕਾਰਡ ਤਿਆਰ ਕਰਨਾ ਬਣਦਾ ਸੀ ਪ੍ਰੰਤੂ ਨਗਰ ਪੰਚਾਇਤ ਵੱਲੋਂ ਇਹਨਾਂ ਲਾਈਸੈਂਸਾਂ ਦਾ ਵੱਖ-ਵੱਖ ਰਿਕਾਰਡ ਤਿਆਰ ਨਹੀਂ ਕੀਤਾ ਗਿਆ ਸੀ। ਇਸ ਤਰ੍ਹਾਂ ਇਹ ਉਪਰੋਕਤ ਨਿਯਮਾਂ ਦੀ ਉਲੰਘਣਾ ਸੀ। ਭਵਿੱਖ ਵਿੱਚ

ਵੱਖ-ਵੱਖ ਲਾਇਸੈਂਸਾਂ ਦਾ ਵੱਖ-ਵੱਖ ਰਿਕਾਰਡ ਤਿਆਰ ਕੀਤਾ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

15) **ਲਾਗ-ਬੁੱਕਾਂ** :- ਵੱਖ-ਵੱਖ ਲਾਗ-ਬੁੱਕਾਂ ਸਬੰਧਤ ਕਰਮਚਾਰੀ ਵੱਲੋਂ ਸਹੀ ਤਰੀਕੇ ਨਾਲ ਤਿਆਰ ਨਹੀਂ ਕੀਤੀਆਂ ਗਈਆਂ ਸਨ। ਤੇਲ ਦੀ ਖ੍ਰੀਦ ਦਾ ਇੰਦਰਾਜ ਮਿਤੀ ਵਾਇਜ਼ ਦਰਜ ਨਹੀਂ ਕੀਤੇ ਗਏ ਸਨ ਜਿਸ ਕਰਕੇ ਇਸ ਦੀ ਪੜਤਾਲ ਨਹੀਂ ਹੋ ਸਕੀ। ਲਾਗ-ਬੁੱਕ ਵਿੱਚ ਤੇਲ ਦੇ ਇੰਦਰਾਜ ਅਤੇ ਖਪਤ ਨੂੰ ਕਿਸੇ ਵੀ ਕਰਮਚਾਰੀ/ਅਧਿਕਾਰੀ ਵੱਲੋਂ ਤਸਦੀਕ ਨਹੀਂ ਕੀਤਾ ਗਿਆ ਸੀ। ਇਹ ਇੱਕ ਗੰਭੀਰ ਉਕਾਈ ਹੈ। ਕਾਰਜਸਾਧਕ ਅਫਸਰ ਦੇ ਵਿਸ਼ੇਸ਼ ਧਿਆਨ ਵਿੱਚ ਲਿਆਂਦੀ ਜਾਂਦੀ ਹੈ। ਸਬੰਧਤ ਕਰਮਚਾਰੀ ਨੂੰ ਹਦਾਇਤ ਕੀਤੀ ਜਾਵੇ ਕਿ ਇਹ ਰਿਕਾਰਡ ਸਹੀ ਰੂਪ ਵਿੱਚ ਤਿਆਰ ਕੀਤਾ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

**16) ਅਸਲ ਪ੍ਰਾਪਤੀ ਰਸੀਦਾਂ** :-ਹੇਠਾਂ ਦਿੱਤੇ ਵੇਰਵੇ ਅਨੁਸਾਰ ਨਗਰ ਕੌਂਸਲ ਵੱਲੋਂ ਵੱਖ-ਵੱਖ ਫਰਮਾਂ ਨੂੰ ਅਦਾਇਗੀਆਂ ਕੀਤੀਆਂ ਗਈਆਂ ਪ੍ਰੰਤੂ ਇਹਨਾਂ ਅਦਾਇਗੀਆਂ ਦੀਆਂ ਅਸਲ ਪ੍ਰਾਪਤੀ ਰਸੀਦਾਂ ਪ੍ਰਾਪਤ ਨਹੀਂ ਕੀਤੀਆਂ ਗਈਆਂ। ਇਹ ਰਸੀਦਾਂ ਹੁਣ ਪ੍ਰਾਪਤ ਕਰਕੇ ਅਗਲੇ ਆਡਿਟ ਸਮੇਂ ਵਿਖਾਈਆਂ ਜਾਣ।

| ਵੋਚਰ ਨੰ: | ਮਹੀਨਾ | ਰਕਮ | ਫਰਮ ਦਾ ਨਾਂ<br>ਮੈਸ: |
|---|---|---|---|
| 18 | 8/12 | 4200/- | ਸਤਨਾਮ ਇਲੈਕਟ੍ਰੀਕਲ, ਅੰਮ੍ਰਿਤਸਰ |
| 26 | 8/12 | 6200/- | ਸਟਾਰ ਇੰਫੋਸਿਸ, ਅੰਮ੍ਰਿਤਸਰ |
| 40 | 8/12 | 1912/- | ਰੋਜਾਨਾ ਅੱਜ ਦੀ ਆਵਾਜ, ਜਲੰਧਰ |
| 41 | 8/42 | 1912/- | ਰੋਜਾਨਾ ਚੜਦੀਕਲਾ, ਪਟਿਆਲਾ |
| 6 | 2/14 | 6750/- | ਸਟਾਰ ਇੰਫੋਸਿਸ, ਅੰਮ੍ਰਿਤਸਰ |
| 9 | 2/14 | 4550/- | ਕਮਲੇਸ਼ ਐਡਵਰਟਾਇਜਰਜ, ਅੰਮ੍ਰਿਤਸਰ |
| 15 | 11/14 | 6650/- | ਟੈਕਨੋਪੈਸਟ, ਅੰਮ੍ਰਿਤਸਰ |
| 26 | 11/14 | 6448/- | ਮਸਟਰੋਲ ਰਾਹੀਂ ਕਾਮਿਆਂ ਦੀ ਅਦਾਇਗੀ |
| 35 | 11/14 | 34720/- | ਮਸਟਰੋਲ ਰਾਹੀਂ ਕਾਮਿਆਂ ਦੀ ਅਦਾਇਗੀ |
| 12 | 4/14 | 7000/- | ਸ਼ਿਵ ਇਲੈਕਟ੍ਰੀਕਲ, ਛੇਹਰਟਾ, ਅੰਮ੍ਰਿਤਸਰ |
| 13 | 4/14 | 9815/- | ਗੁਡ ਅਰਥ ਕੰਪਨੀ, ਅਜਨਾਲਾ |

| | | | |
|---|---|---|---|
| 17 | 4/14 | 11500/- | ਟੈਕਨੋਪੈਸਟ, ਅੰਮ੍ਰਿਤਸਰ |
| 27 | 4/14 | 747592/- | ਭਾਰਤ ਇਲੈਕਟ੍ਰੀਕਲ, ਹੋਸ਼ਿਆਰਪੁਰ |
| | | | |

## 17) ਆਡਿਟ ਫੀਸ :-

ਵਰਤਮਾਨ ਪੜਤਾਲ ਸਮੇਂ ਦੀ ਆਡਿਟ ਫੀਸ 24500/- ਰੁਪਏ ਕਾਰਜਸਾਧਕ ਅਫਸਰ ਰਾਹੀਂ ਸਰਕਾਰੀ ਖਜਾਨੇ ਵਿਖੇ ਲੇਖੇ ਦੀ ਮੱਦ "0070-ਦੂਜੀਆਂ ਪ੍ਰਬੰਧਕੀ ਸੇਵਾਵਾਂ-60-ਦੂਜੀਆਂ ਸੇਵਾਵਾਂ-110-ਸਰਕਾਰੀ ਆਡਿਟ ਫੀਸ(ਸਟੇਟ) ਅਧੀਨ ਚਲਾਨ ਨੰ:66 ਮਿਤੀ 10.7.2015 ਰਾਹੀਂ ਸਟੇਟ ਬੈਂਕ ਆਫ ਇੰਡੀਆ, ਅੰਮ੍ਰਿਤਸਰ ਵਿਖੇ ਜਮ੍ਹਾਂ ਕਰਵਾ ਦਿੱਤੇ ਗਏ ਹਨ।

| ਪੜਤਾਲ ਦੀਆਂ ਮਿਤੀਆਂ | ਸਟਾਫ ਦਾ ਵੇਰਵਾ | ਦਿਨਾਂ ਦੀ ਗਿਣਤੀ | ਦਰ ਪ੍ਰਤੀ ਦਿਨ | ਰਕਮ |
|---|---|---|---|---|
| 5-6-2015 | ਸੈਕਸ਼ਨ ਅਫਸਰ | 1 | 3500/- | 3500/- |
| 12-6-2015 | -ਉਹੀ- | 1 | 3500/- | 3500/- |
| 25-6-2015 | -ਉਹੀ- | 1 | 3500/ | 3500/- |
| 3-7-2015 | -ਉਹੀ- | 1 | 3500/- | 3500/- |
| 8-7-2015 | -ਉਹੀ- | 1 | 3500/- | 3500/- |
| 30/7/2015 ਅਤੇ 31/7/2015 | -ਉਹੀ- | 2 | 3500/- | 7000/- |
| | | **7 ਦਿਨ** | | **24500/-** |

## 18) ਰਿਕਾਰਡ ਪੇਸ਼ ਨਹੀ ਕੀਤਾ:-

ੳ. ਹੇਠ ਲਿਖਿਆ ਰਿਕਾਰਡ ਪੜਤਾਲ ਸਮੇਂ ਪੇਸ਼ ਨਹੀਂ ਕੀਤਾ ਗਿਆ। ਇਹ ਰਿਕਾਰਡ ਅਗਲੀ ਪੜਤਾਲ ਸਮੇਂ ਪੇਸ਼ ਕਰਨਾ ਯਕੀਨੀ ਬਣਾਇਆ ਜਾਵੇ।

1. ਡਿਸਪੈਚ ਰਜਿਸਟਰ
2. ਲਾਇਸੈਂਸ ਅੰਡਰ ਸੈਕਸ਼ਨ 121 ਰਿਕਸ਼ਾ, ਰੇੜ੍ਹਾ, ਠੇਲਾ ਆਦਿ
3. ਮਿਣਤੀ ਕਿਤਾਬ ਨੰ: 36, 37 ਅਤੇ 38
4. ਜੀ-8 ਕਿਤਾਬਾਂ ਦਾ ਰਜਿਸਟਰ
5. ਚਾਹ ਪਾਣੀ ਦਾ ਰਜਿਸਟਰ

**19) ਭੁੱਟਕਲ :-**

(ੳ) ਜੀ-8 ਰਸੀਦ ਬੁੱਕਾਂ ਦੀ ਵਰਤੋਂ ਤੋਂ ਬਾਅਦ ਸਟਾਕ ਰਜਿਸਟਰ ਵਿੱਚ ਇਹਨਾਂ ਦੀ ਵਾਪਸੀ ਨਹੀਂ ਕੀਤੀ ਜਾਂਦੀ ਅਤੇ ਨਾ ਹੀ ਇਹਨਾਂ ਜੀ-8 ਕਿਤਾਬਾਂ ਦੇ ਖਤਮ ਹੋਣ ਉਪਰੰਤ ਹਰ ਇੱਕ ਕਿਤਾਬ ਦੀ ਆਖਰੀ ਰਸੀਦ ਕਾਰਜਸਾਧਕ ਅਫਸਰ ਪਾਸੋਂ ਇਹ ਤਸਦੀਕ ਕਰਵਾਇਆ ਜਾਂਦਾ ਹੈ ਕਿ ਜੀ-8 ਕਿਤਾਬਾਂ ਰਾਹੀਂ ਪ੍ਰਾਪਤ ਆਦਮਨ ਨਗਰ ਪੰਚਾਇਤ ਦੇ ਫੰਡ ਵਿੱਚ ਜਮ੍ਹਾਂ ਕਰਵਾ ਦਿੱਤੀ ਗਈ ਸੀ। ਜਰੂਰੀ ਕਾਰਵਾਈ ਹੁਣ ਕੀਤੀ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

(ਅ) ਕੈਸ਼ ਬੁੱਕ ਦੀਆਂ ਮਿਲਾਨ ਬੈਂਕ ਸਟੇਟਮੈਂਟਾਂ ਨੂੰ ਮਿਊਂਸਪਲ ਅਕਾਊਂਟ ਕੋਡ 1930 ਦੇ ਨਿਯਮ 3.1(3) ਤਹਿਤ ਪ੍ਰਧਾਨ ਨਗਰ ਪੰਚਾਇਤ ਪਾਸੋਂ ਹਸਤਾਖਰ ਨਹੀਂ ਕਰਵਾਏ ਗਏ ਸਨ ਅਤੇ ਨਾ ਹੀ ਬੈਂਕ ਅਥਾਰਟੀ ਵੱਲੋਂ ਇਹਨਾਂ ਸਟੇਟਮੈਂਟਾਂ ਨੂੰ ਤਸਦੀਕ ਕੀਤਾ ਗਿਆ ਸੀ। ਇਸ ਤੋਂ ਇਲਾਵਾ ਮਹੀਨੇ ਦੇ ਅੰਤਿਮ ਬਕਾਏ ਬਾਰੇ ਬੈਂਕ ਅਥਾਰਟੀ ਤੋਂ ਬੈਂਕ ਬਕਾਇਆ ਦਾ ਸਰਟੀਫਿਕੇਟ ਲਿਆ ਗਿਆ ਸੀ। ਇਹ ਉਪਰੋਕਤ ਨਿਯਮ ਦੀ ਉਲੰਘਣਾ ਸੀ। ਜਰੂਰੀ ਕਾਰਵਾਈ ਹੁਣ ਕੀਤੀ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

(ੲ) ਨਗਰ ਪੰਚਾਇਤ ਵੱਲੋਂ ਸਟਾਕ/ਸਟੋਰ ਰਜਿਸਟਰ ਸਹੀ ਢੰਗ ਨਾਲ ਨਹੀਂ ਲਗਾਏ ਗਏ ਸਨ। ਵਸਤੂ ਲਈ ਵੱਖਰਾ-ਵੱਖਰਾ ਪੰਨਾ ਨਹੀਂ ਲਗਾਇਆ ਗਿਆ ਸੀ ਅਤੇ ਨਾਲ ਹੀ ਵਸਤੂਆਂ ਨੂੰ ਸਹੀ ਢੰਗ ਨਾਲ ਜਾਰੀ ਕਰਕੇ ਉਹਨਾਂ ਦੇ ਬਕਾਏ ਕੱਢੇ ਗਏ ਸਨ। ਚੱਲ ਜਾਇਦਾਦ ਦੀਆਂ ਆਇਟਮਾਂ ਦੇ ਪ੍ਰੋਗਰੈਸਿਵ ਜੋੜ ਨਹੀਂ ਲਗਾਏ ਗਏ ਸਨ ਅਤੇ ਨਾ ਹੀ ਇਹਨਾਂ ਆਇਟਮਾਂ ਫਿਜੀਕਲ ਵੈਰੀਫਿਕੇਸ਼ਨ ਕੀਤੀ ਗਈ ਸੀ। ਸਟਾਕ/ਸਟੋਰ ਰਜਿਸਟਰ ਸਹੀ ਢੰਗ ਨਾਲ ਲਗਾਏ ਜਾਣ, ਹਰ ਵਸਤੂ ਲਈ ਵੱਖਰਾ-ਵੱਖਰਾ ਪੰਨਾ ਲਗਾਕੇ ਬਕਾਏ ਕੱਢੇ ਜਾਣ ਅਤੇ ਕਾਰਜਸਾਧਕ ਅਫਸਰ ਪਾਸੋਂ ਤਸਦੀਕ ਕਰਵਾਕੇ ਅਗਲੇ ਆਡਿਟ ਸਮੇਂ ਵਿਖਾਈ ਜਾਣ।

(ਸ) ਆਡਿਟ ਪੜਤਾਲ ਦੇ ਸਮੇਂ ਦੌਰਾਨ ਨਕਾਰਾ ਸਮਾਨ ਅਤੇ ਪੁਰਾਣੇ ਅਖਬਾਰਾਂ ਦੀ ਰੱਦੀ ਵੇਚੀ ਨਹੀਂ ਗਈ। ਇਹ ਸਮਾਨ ਹੁਣ ਖੁੱਲੀ ਬੋਲੀ ਰਾਹੀਂ ਵੇਚਿਆ ਜਾਵੇ ਅਤੇ ਆਮਦਨ ਨਗਰ ਪੰਚਾਇਤ ਫੰਡ ਵਿੱਚ ਜਮ੍ਹਾਂ ਕਰਵਾਈ ਜਾਵੇ।

**20) ਇਤਰਾਜ ਸੂਚੀ:-**

ਕੋਈ ਵੱਖਰੀ ਇਤਰਾਜ ਸੂਚੀ ਜਾਰੀ ਨਹੀਂ ਕੀਤੀ ਗਈ।

**21) ਸਿੱਟਾ:-**

ਪਿਛਲੀਆਂ ਆਡਿਟ ਰਿਪੋਰਟਾ ਵਿੱਚ ਖੜੇ ਆਡਿਟ ਇਤਰਾਜਾਂ ਵੱਲ ਨਗਰ ਪੰਚਾਇਤ ਅਧਿਕਾਰੀਆਂ ਵਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ ਸੀ। ਸੰਮਤੀ ਦੇ ਲੇਖਿਆ ਵਿੱਚ ਵਧੇਰੇ ਸੁਧਾਰ ਅਤੇ ਨੇੜਲੀ ਨਿਗਰਾਨੀ ਦੀ ਅਤਿਅੰਤ ਲੋੜ ਹੈ।

ਰਿਜਨਲ ਡਿਪਟੀ ਡਾਇਰੈਕਟਰ
ਲੋਕਲ ਆਡਿਟ, ਪੰਜਾਬ
ਅੰਮ੍ਰਿਤਸਰ।